

ਨੂਰਦੀਨ ਦੀ ਸਰਾਂ
ਤੋਂ ਸਕੱਤਰੇਤ
- ਜਗਦੀਪ ਸਿੰਘ ਫਰੀਦਕੋਟ

6

ਤਤਕਰਾ

ਨੂਰਦੀਨ ਦੀ ਸਰਾਂ ਤੋਂ ਸਕੱਤਰੇਤ

ਜਗਦੀਪ ਸਿੰਘ ਫਰੀਦਕੋਟ

ਪੰਜਾਬ ਫਾਰੀ ਸਭਾ

ਸ੍ਰੀ. ਸਰੂਪ ਸਿੰਘ ਰਤਿਆਣਾ.

ਪ.ਓ.- ਰਤਿਆਣਾ.

ਤਹਿ: ਫਿਲੌਰ (ਜਲੰਧਰ)

ਪੰਜਾਬ-144410.

ਸੰਪਰਕ- 98150-03075.

ਰਤਿਆਣਾ
8/8/010.

੫

Noordin Di Saran To Skatrate

by :

Jagdeep Singh Faridkot

(M) 98157-63313, E-mail : jagdeepsfaridkot@yahoo.com

ਪਹਿਲੀ ਵਾਰ ਸਤੰਬਰ ੨੦੦੯

ਪ੍ਰਕਾਸ਼ਕ :

ਗੁਰਮਤਿ ਪੁਸਤਕ ਭੰਡਾਰ

ਦੁਕਾਨ ਨੰ: ੧੫੪, ਸਕੂਟਰ ਸਟੈਂਡ ਦੇ ਉਪਰ, ਘੰਟਾ ਘਰ ਮਾਰਕੀਟ, ਅੰਮ੍ਰਿਤਸਰ।

ਫੋਨ : 0183-5101231, 98726-58302, 98151-61234

ਛਾਪਕ :

ਦਸ਼ਮੇਸ਼ ਪ੍ਰਿੰਟਿੰਗ ਪ੍ਰੈੱਸ

ਜਲੰਧਰ।

ਮੁੱਲ :

੫੦/- ਰੁਪਏ

(1) ਦਰ ਦੇ ਭਿਖਾਰੀ ਜਹੇ ਜਾਗਦੀ ਬਹਾਰ ਆਇਰ,
ਮੇਰੀ ਆਤਮਾ ਦੀ ਮੁਰਾਦ ਕਹਾਣੀਆਂ ਦੀ।
ਆਖਰੂ ਵੱਲੋਂ ਉਦੋਂ ਵਿੱਚੋਂ ਜੀ ਧਰਤ ਤੇਰੀ,
ਅਰਥ ਦੇਂਦੀਆਂ ਪਿਲ੍ਹਾਵਣੀਆਂ ਦੀ।

ਸਮਰਪਤ

ਮੇਰੇ ਸਤਿਕਾਰਯੋਗ ਸਵਰਗਵਾਸੀ ਬਾਪੂ

ਗਿਆਨੀ ਸ. ਅਜਮੇਰ ਸਿੰਘ ਜੀ

ਨੂੰ

(2) ਜਿਹਨੀ ਪਿਆਰ ਦੀ ਦੇਸ ਪੰਜਾਬ ਤਾਂਦੀ,
ਸਾਡੀ ਅੱਖ ਉਹ ਵਿੱਚ ਹੀ ਗਹਿਰ ਤੇਰੀ,
ਬਣਾ ਆਨ ਕਿਆ ਸੂਰਜ ਵੇਖਿਆਂ ਨੇ,
ਸਾਡੀ ਉਦੇ ਦੀ ਕਿਸੇ ਨੂੰ ਖੋਜ ਤੇਰੀ।



ਭਾਈ ਜਗਦੀਪ ਸਿੰਘ ਫਰੀਦਕੋਟ, ਜਿਹਨਾਂ ਦੀ ਕਲਮ ਵਿਚ ਸੰਘਰਸ਼ ਕਰਨ ਦਾ ਦਮ ਹੈ ਤੇ ਪਿਛਲੇ ਕਾਫੀ ਸਮੇਂ ਤੋਂ ਉਹ ਸੰਘਰਸ਼ ਕਰ ਵੀ ਰਹੀ ਹੈ।

ਜਿਹਨਾਂ ਨੇ ਕੌਮ ਦੀ ਆਜ਼ਾਦੀ ਦੇ ਚੱਲੇ ਸੰਘਰਸ਼ ਦੌਰਾਨ ਚਾਹੇ ਹਥਿਆਰ ਨਹੀਂ ਸੰਭਾਲੇ, ਪਰ ਅੱਜ ਉਹਨਾਂ ਦੀ ਕਲਮ ਹਥਿਆਰ ਦਾ ਹੀ ਕੰਮ ਕਰ ਰਹੀ ਹੈ। ਅੱਜ ਹੁਕਮਰਾਨ ਸਰਕਾਰਾਂ ਇਹਨਾਂ ਕਲਮਾਂ ਤੋਂ ਉਵੇਂ ਹੀ ਭੈਅ ਖਾ ਰਹੀਆਂ ਹਨ ਜਿਵੇਂ ਕਦੇ ਉਹ ਯੋਧਿਆਂ ਦੀਆਂ ਅਸਾਲਟਾਂ ਤੋਂ ਕੰਬਦੀਆਂ ਸਨ।

ਭੁੱਬਾਂ ਮਾਰ-ਮਾਰ ਰੋਂਦੇ ਬਾਪੂ ਪੰਜਾਬ ਦੀ ਸਾਰ ਓਨਾ ਚਿਰ ਓਹਦੇ ਪੁੱਤਰ ਨਹੀਂ ਲੈਣਗੇ, ਜਿੰਨਾ ਚਿਰ ਉਹ ਬਾਪੂ ਦੀ ਪੀੜ ਨੂੰ ਮਹਿਸੂਸ ਨਹੀਂ ਕਰਨਗੇ। ਜਗਦੀਪ ਨੇ ਉਹੀ ਪੀੜ ਨੌਜੁਆਨਾਂ ਦੇ ਸਾਹਮਣੇ ਰੱਖਣ ਦਾ ਯਤਨ ਕੀਤਾ ਹੈ। ਯੋਧਿਆਂ ਦੀ ਇਹ ਕੌਮ, ਜਿਹੜੀ ਕਿ ਹੁਣ ਨਚਾਰਾਂ ਦੀ ਕੌਮ ਬਣਦੀ ਜਾ ਰਹੀ ਹੈ, ਜੇ ਕੁਝ ਸਮਾਂ ਹੋਰ ਇਸ ਪੀੜ ਤੋਂ ਅਣਜਾਣ ਰਹੀ ਤਾਂ ਬਾਪੂ ਦਰਦ ਨਾਲ ਕਰਾਹੁੰਦਾ ਮਰ ਜਾਵੇਗਾ......

ਵਾਹਿਗੁਰੂ, ਜਗਦੀਪ ਦੀ ਕਲਮ ਨੂੰ ਹੋਰ ਬਲ ਬਖਸ਼ੇ......

ਕਰਮਜੀਤ ਸਿੰਘ ਸਿੱਖਾਂਵਾਲਾ

"ਖਤਰਨਾਕ ਅੱਤਵਾਦੀ"

"ਜਨਾਬ ਆਹ ਹਰਦੀਪ ਦਾ, ਵੱਡੇ ਖਾਲਸੇ ਦਾ ਕੁਛ ਕਰਨਾ ਪਊ ਜੀ, ਨਹੀਂ ਤਾਂ ਇਹ ਖ਼ਰਾਬ ਕਰੂ" ਕੋਤਵਾਲੀ ਵਿਚਲੇ ਸ੍ਹਾਬ ਮੱਖਣ ਸਿਹੁੰ ਦੇ ਕਮਰੇ ਵਿਚ ਵੜਦਿਆਂ ਹੀ ਹੌਲਦਾਰ ਬਲਦੇਵ ਨੇ ਮੱਖਣ ਸਿਹੁੰ ਨੂੰ ਸੰਬੋਧਨ ਹੁੰਦਿਆਂ ਕਿਹਾ।

"ਕਿਉਂ ਹੁਣ ਕੀ ਹੋ ਗਿਆ" ਕਾਗਜ ਫਰੋਲਦੇ ਹੋਏ ਮੱਖਣ ਸਿਹੁੰ ਨੇ ਹੌਲਦਾਰ ਨੂੰ ਪੁੱਛਿਆ।

"ਹੋਣਾ ਕੀ ਐ ਜਨਾਬ, ਅੱਜ ਫੇਰ ਗੁਰਦਾਰੇ ਲੱਗਿਆ ਪਿਆ ਸੀ ਜੀ ਆਵਦੀ ਵਿਦਵਤਾ ਜ਼ੀ ਘੋਟਣ, ਅਖੇ "ਸਾਨੂੰ ਘੱਟ ਗਿਣਤੀਆਂ ਨੂੰ ਕੁਚਲਣ ਦੇ ਨਿੱਤ ਦਿਹਾੜੀ ਮਨਸੂਬੇ ਘੜ੍ਹੇ ਜਾ ਰਹੇ ਨੇ, ਰੋਜ ਨਵੀਂਆਂ ਤਰਕੀਬਾਂ ਲੱਭੀਆਂ ਜਾ ਰਹੀਆਂ ਹਨ, ਜੇ ਅਜੇ ਵੀ ਅਸੀਂ ਗਫਲਤ ਦੀ ਨੀਂਦ ਵਿਚੋਂ ਨਾ ਜਾਗੇ, ਘੇਸਲ ਵੱਟੀ ਪਿਆਂ ਨੇ ਠੰਡ ਤੋਂ ਡਰਦਿਆਂ ਆਪਣੇ ਖੇਸਾਂ ਦੀਆਂ ਬੁੱਕਲਾਂ ਨਾ ਲਾਹੀਆਂ ਤਾਂ ਦੁਨੀਆਂ ਦੀ ਕੋਈ ਤਾਕਤ ਸਾਨੂੰ ਬਚਾ ਨਹੀਂ ਸਕੇਗੀ............" ਨਾਲੇ ਜਨਾਬ ਆਹ ਹਵਾਰੇ, ਹਵੂਰੇ ਦਾ ਜਿਕਰ ਵੀ ਬਾਰ ਬਾਰ ਕਰਦਾ ਸੀ, ਕਹਿੰਦਾ ਸੀ, "ਭਾਈ ਜਗਤਾਰ ਸਿੰਘ ਹਵਾਰੇ ਨੂੰ ਭਾਰਤੀ ਅਦਾਲਤਾਂ ਨੇ ਫਾਂਸੀ ਦੀ ਸਜਾ ਸੁਣਾ ਦਿੱਤੀ ਐ ਪਰ ਨਵੰਬਰ ੮੪ ਵਿਚ ਹਜ਼ਾਰਾਂ ਸਿਖਾਂ ਨੂੰ ਕੋਹ ਕੋਹ ਕੇ ਮਾਰਨ ਵਾਲੇ ਕਾਤਲ ਸ਼ਰੇਆਮ ਲਾਲ ਬੱਤੀ ਵਾਲੀਆਂ ਗੱਡੀਆਂ ਦਾ ਸੁਖ ਮਾਣ ਰਹੇ ਨੇ................" ਜਨਾਬ ਜੇ ਆਪਾਂ ਛੇਤੀ ਏਹਦਾ ਕੋਈ ਹੱਲ ਨਾ ਕੀਤਾ ਤਾਂ ਇਹ............" ਬਾਕੀ ਗੱਲ ਹੌਲਦਾਰ ਨੇ ਵਿਚੇ ਛੱਡ ਦਿੱਤੀ।

ਸ੍ਹਾਬ ਵੀ ਕਾਗਜ਼ ਪਾਸੇ ਰੱਖਦਾ ਹੋਇਆ ਬੋਲਿਆ, "ਓ ਰਪੋਟਾਂ ਤਾਂ ਮੈਨੂੰ ਵੀ ਏਹਦੀਆਂ ਬਥੇਰੀਆਂ ਆਈਐਂ, ਸਣਿਐਂ ਏਹਨੇ ਗੁਰਦੁਆਰੇ 'ਚ ਮੁੰਡਿਆਂ ਨੂੰ ਗੱਤਕਾ-ਗੁੱਤਕਾ ਸਖਾਉਣਾ ਵੀ ਸ਼ੁਰੂ ਕੀਤੇ ਤੇ ਨਾਲੇ ਰੋਜ਼ ਉੱਥੇ ਮੁੰਡਿਆਂ ਦੀ ਕੋਈ ਕਲਾਸ ਕਲੂਸ ਵੀ ਲਗਾਉਂਦੈ, ਸੀ ਆਈ ਡੀ ਆਲਾ

ਗੱਲ ਦੱਸਦਾ ਸੀ, ਬੀ ਮੁੰਡੇ ਵੀ ਉੱਥੇ ਕਾਰੀ ਆਉਂਦੇ ਐ" ਮੱਖਣ ਸਿਹੁੰ ਨੇ ਆਪਣੀ ਜਾਣਕਾਰੀ ਵੀ ਹੌਲਦਾਰ ਨਾਲ ਸਾਂਝੀ ਕੀਤੀ।

"ਤੇ ਹੋਰ ਜਨਾਬ ੨੫-੩੦ ਮੁੰਡੇ ਤਾਂ ਰੋਜ ਆਉਂਦੇ ਐ ਜੀ, ਬਿਨ ਨਾਂਗਾ........., ਚਾਰ ਪੰਜ ਮੁੰਡਿਆਂ ਨੇ ਤਾਂ ਜੂੜੇ ਵੀ ਰੱਖਲੇ ਐ ਜੀ, ਖੱਟੇ ਗੋਲ ਪਰਨਿਆਂ 'ਚ ਈ ਹੁੰਦੇ ਐ ਸਾਰੇ ਉੱਥੇ, ਕਈ ਆਰੀ ਬੈਠੇ ਪਾਠ-ਪੂਠ ਵੀ ਕਰੀ ਜਾਂਦੇ ਹੁੰਦੇ ਐ, ਮੈਂ ਲੰਘਦੇ ਨੇ ਕਈ ਆਰੀ ਵੇਖਿਐ........." ਹੌਲਦਾਰ ਦਾ ਘਰ ਵੀ ਉਸੇ ਬਸਤੀ ਵਿਚ ਸੀ, ਜਿੱਥੇ ਮੁੰਡੇ ਰੋਜ ਆਥਣੇ ਇਕੱਠੇ ਹੁੰਦੇ ਸਨ।

"ਫੇਰ ਤਾਂ ਛੇਤੀ ਕੋਈ ਉਪਾਅ ਕਰਨਾ ਪਊ ਏਹਦਾ............, ਮੈਂ ਐਵੇਂ ਈ ਘੌਲ ਕਰ ਗਿਆ ਯਰ........., ਸਰਸੇ ਆਲੇ ਚੱਕਰ ਤੋਂ ਬਾਅਦ ਸ਼ਹਿਰ ਦੇ ਜਿਹੜੇ ਸਿਖ ਮੁੰਡੇ ਨਿਗ੍ਹਾ 'ਚ ਆਏ ਸਨ ਉਹਨਾਂ ਦੀ ਐੱਸ.ਐੱਸ.ਪੀ. ਸ੍ਹਾਬ ਨੇ ਇਕ ਲਿਸਟ ਬਣਵਾਈ ਸੀ, ਉਸ 'ਚ ਵੀ ਏਹਦਾ ਨਾਂ ਸਭ ਤੋਂ ਉੱਪਰ ਸੀ............, ਤੂੰ ਆਏਂ ਕਰ ਬਲਦੇਵ ਸਿਆਂ, ਆਵਦੀ ਕੋਈ ਜਾਣ ਪਛਾਣ ਆਲਾ ਚਲਾਕ ਜਿਆ ਮੁੰਡਾ ਆਥਣੇ ਇਹਨਾਂ ਕੋਲ ਭੇਜਣਾ ਸ਼ੁਰੂ ਕਰ, ਵੇਖੀਏ ਤਾਂ ਸਹੀ ਇਹ ਗੱਲਾਂ ਕੀ ਕਰਦੇ ਐ ਉੱਥੇ ਵੱਡੇ ਜਥੇਦਾਰ"

"ਕੋਈ ਨ੍ਹੀ ਜਨਾਬ, ਮੈਂ ਅੱਜ ਈ ਕੋਈ ਜਵਾਕ ਲੱਭ ਲੈਂਦਾਂ ਜੀ, ਸਿਆਣਾ ਜਿਹਾ........... ਆਪਾਂ ਪਤਾ ਕਰਵਾ ਲੈਂਦੇ ਆਂ ਜੀ ਸਾਰਾ ਕੁਛ"

ਹਰਦੀਪ ਸਿੰਘ ਐੱਮ.ਏ. ਵਿਚ ਪੜ੍ਹਦਾ ਇਕ ਸਿਆਣਾ ਗੁਰਸਿਖ ਮੁੰਡਾ ਸੀ। ਕੋਈ ੨੫-੨੬ ਸਾਲ ਦਾ। ਛੋਟੇ ਹੁੰਦਿਆਂ ਤੋਂ ਹੀ ਉਹ ਭਾਸ਼ਣ ਪ੍ਰਤੀਯੋਗਤਾਵਾਂ ਵਿਚ ਹਿੱਸਾ ਲੈਂਦਾ ਰਿਹਾ ਸੀ, ਇਹ ਲਈ ਹੁਣ ਉਹ ਵਧੀਆ ਬੁਲਾਰਾ ਵੀ ਬਣ ਚੁੱਕਾ ਸੀ। ਸ਼ਹਿਰ ਵਿਚ ਗੁਰਪੁਰਬਾਂ ਅਤੇ ਹੋਰ ਧਾਰਮਿਕ ਸਮਾਗਮਾਂ 'ਤੇ ਪ੍ਰਬੰਧਕ ਉਸ ਨੂੰ ਬੋਲਣ ਲਈ ਸੱਦਣ ਲੱਗ ਪਏ ਸਨ। ਉਹ ਇਕ ਵੀ ਗੱਲ ਗੁਰਬਾਣੀ ਗੁਰਮਤਿ ਸਿਧਾਂਤਾਂ ਤੇ ਸਿਖ ਇਤਿਹਾਸ ਤੋਂ ਬਾਹਰੀ ਨਹੀਂ ਕਰਦਾ ਸੀ, ਇਸ ਲਈ ਕਈਆਂ ਦੀਆਂ ਅੱਖਾਂ 'ਚ ਰੜਕਦਾ ਵੀ ਸੀ।

ਸਰਸੇ ਦੇ ਇਕ ਪਾਖੰਡੀ ਦੇਹਧਾਰੀ ਦੁਆਰਾ 'ਗੁਰੂ ਗੋਬਿੰਦ ਸਿੰਘ ਸਾਹਿਬ' ਦੀ ਨਕਲ ਕੀਤੇ ਜਾਣ ਤੋਂ ਬਾਅਦ ਸਾਰੀ ਸਿਖ ਕੌਮ ਦੇ ਹਿਰਦੇ ਵਲੂਧਰੇ ਗਏ। ਥਾਂ-ਥਾਂ 'ਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਹਰਦੀਪ ਹੋਰਾਂ ਨੇ ਵੀ ਇਸ ਮਾੜੇ ਕਾਰੇ ਦਾ ਵਿਰੋਧ ਕਰਨ ਲਈ ਸ਼ਹਿਰ ਵਿਚ ਮੀਟਿੰਗਾਂ ਸ਼ੁਰੂ ਕੀਤੀਆਂ। ਹਰੇਕ ਮੀਟਿੰਗ ਵਿਚ ਹਰਦੀਪ ਨੂੰ ਬੋਲਣ ਲਈ ਕਿਹਾ ਜਾਂਦਾ। ਨੌਜੁਆਨ ਹੋਣ ਕਰਕੇ ਉਹ ਹਰੇਕ ਗੱਲ ਬੜੇ ਜੋਸ਼ ਨਾਲ ਕਰਦਾ। ਸੀ.ਆਈ.ਡੀ. ਨੇ ਪਹਿਲਾਂ ਵੀ ਇਸ ਬਾਰੇ ਸੁਣਿਆਂ ਤਾਂ ਹੋਇਆ ਈ ਸੀ, ਪਰ ਇਹਨਾਂ ਮੀਟਿੰਗਾਂ ਰਾਹੀਂ ਇਹ ਉਹਨਾਂ ਦੀਆਂ ਅੱਖਾਂ ਵਿਚ ਪੂਰੀ ਤਰ੍ਹਾਂ ਚੜ੍ਹ ਗਿਆ। ਇਸ ਦੇ ਬੁੱਲਾਂ ਵਿਚੋਂ ਨਿਕਲਦੇ ਜੁਝਾਰੂ ਬੋਲ ਸੀ.ਆਈ.ਡੀ. ਵਾਲਿਆਂ ਦੀਆਂ ਡਾਇਰੀਆਂ ਵਿਚ ਨੋਟ ਹੋ ਕੇ ਵੱਡੇ ਅਫਸਰਾਂ ਦੇ ਮੇਜ਼ਾਂ ਤੱਕ ਪਹੁੰਚ ਚੁੱਕੇ ਸਨ। ਅਫਸਰਾਂ ਨੇ ਪਹਿਲਾਂ ਤਾਂ ਇਸ ਨੂੰ ਇਕ ਵਖਤੀ ਜੋਸ਼ ਕਿਹਾ, ਪਰ ਨਾਲ ਹੀ 'ਨਜ਼ਰ ਰੱਖਿਓ' ਦੀਆਂ ਹਦਾਇਤਾਂ ਵੀ ਜਾਰੀ ਕਰ ਦਿੱਤੀਆਂ। ਓਦੋਂ ਤੋਂ ਹਰਦੀਪ ਪੂਰੀ ਤਰ੍ਹਾਂ ਨਾਲ ਪੁਲਸ ਦੀਆਂ ਨਜ਼ਰਾਂ ਵਿਚ ਸੀ।

ਹਰਦੀਪ ਇਕ ਗੱਲ ਹਰ ਵਾਰ ਕਹਿੰਦਾ ਸੀ, "ਵੀਰੋ, ਸਾਡੀ ਇਕ ਬੜੀ ਵੱਡੀ ਭੈੜ ਹੈ ਕਿ ਜਦੋਂ ਸਾਡੇ ਸਿਰ ਕੋਈ ਮੁਸੀਬਤ ਪੈਂਦੀ ਹੈ ਅਸੀਂ ਓਦੋਂ ਹੀ ਇਕੱਠੇ ਹੁੰਦੇ ਹਾਂ, ਅੱਗੇ ਪਿੱਛੇ ਕੋਈ ਧਿਆਨ ਨਹੀਂ ਦਿੰਦੇ, ਮੈਂ ਆਪ ਸਭ ਨੂੰ ਬੇਨਤੀ ਕਰਦਾ ਹਾਂ ਕਿ ਆਪਾਂ ਸ਼ਹਿਰ ਪੱਧਰ 'ਤੇ ਇਕ ਕਮੇਟੀ ਬਣਾਈਏ ਜਿਹੜੀ ਕੁਝ ਮੁੱਖ ਜ਼ਿੰਮੇਵਾਰੀਆਂ ਆਪਣੇ ਸਿਰ 'ਤੇ ਲਏ, ਜਿਵੇਂ ਕਿ ਬੱਚਿਆਂ ਦੀਆਂ ਗੁਰਮਤਿ ਕਲਾਸਾਂ, ਗੱਤਕਾ ਸਿਖਲਾਈ, ਦਸਤਾਰ ਸਿਖਲਾਈ, ਸ਼ਬਦ ਗੁਰੂ ਸਮਾਗਮ ਆਦਿ, ਤੇ ਨਾਲ ਹੀ ਉਹ ਕਮੇਟੀ ਸਿਖ ਮਸਲਿਆਂ ਅਤੇ ਸਿਖੀ ਵਿਰੋਧੀ ਤਾਕਤਾਂ 'ਤੇ ਨਜ਼ਰ ਰੱਖੇ ਤੇ ਸੰਗਤਾਂ ਨੂੰ ਉਹਨਾਂ ਬਾਰੇ ਸਮੇਂ ਸਮੇਂ 'ਤੇ ਸੁਚੇਤ ਕਰਦੀ ਰਹੇ, ਤਾਂ ਹੀ ਸਾਡਾ ਕੁਝ ਸੰਵਰ ਸਕਦਾ ਹੈ.............." ਉਸ ਦੀਆਂ ਇਹ ਗੱਲਾਂ ਪੁਲਸ ਨੂੰ ਸਭ ਤੋਂ ਵੱਧ ਚੁੱਭਦੀਆਂ ਸਨ, ਕਿਉਂਕਿ ਉਹ ਲੋਕਾਂ ਨੂੰ ਜਥੇਬੰਦ ਕਰਨਾ ਚਾਹੁੰਦਾ ਸੀ ਤੇ ਜਥੇਬੰਦ ਲੋਕ ਸਰਕਾਰਾਂ ਲਈ ਹਮੇਸ਼ਾਂ ਖਤਰਨਾਕ ਹੁੰਦੇ ਹਨ।

ਸਰਸੇ ਵਾਲਾ ਰੌਲਾ ਰੱਪਾ ਲੰਘ ਜਾਣ ਤੋਂ ਬਾਅਦ ਹਮੇਸ਼ਾਂ ਵਾਂਗ ਸਾਰੀ

ਕੌਮ ਆਪੋ ਆਪਣੇ ਕੰਮਾਂ ਵਿਚ ਰੁੱਝ ਗਈ ਤੇ ਮੁੜ ਅਵੇਸਲੀ ਹੋ ਗਈ ਪਰ ਹਰਦੀਪ ਵਰਗੇ ਕੁਝ ਸੁਹਿਰਦ ਸਿਖ ਨੌਜੁਆਨਾਂ ਨੇ ਆਪਣੀਆਂ ਸਰਗਰਮੀਆਂ ਜਾਰੀ ਰੱਖੀਆਂ। ਇਹਨਾਂ ਵਿਚੋਂ ਰੋਜ਼ਾਨਾਂ ਮੁੰਡਿਆਂ ਦੀ ਗੁਰਮਤਿ ਕਲਾਸ ਮੁੱਖ ਸੀ ਤੇ ਜਿਸ ਵਿਚ ਵੱਡੀਆਂ ਵੱਡੀਆਂ ਗੱਲਾਂ ਕਰਨ ਵਾਲੇ ਸਿਖਾਂ ਨੇ ਉਸ ਦਾ ਕੋਈ ਸਹਿਯੋਗ ਨਹੀਂ ਕੀਤਾ ਸੀ, ਤੇ ਨਾਲ ਹੀ ਕਦੇ ਕਦੇ ਗੁਰਦੁਆਰਿਆਂ ਵਿਚ ਹਰਦੀਪ ਦੁਆਰਾ ਬੋਲਣਾ ਵੀ ਪੁਲਸ ਨੋਟ ਕਰਦੀ ਸੀ ਤੇ ਸਮੇਂ ਸਮੇਂ 'ਤੇ ਅਫਸਰਾਂ ਨੂੰ ਦੱਸਦੀ ਰਹਿੰਦੀ ਸੀ।

ਤਾਜ਼ਾ ਘਟਨਾ ਵਿਚ ਵੀ ਸ਼ਹਿਰ ਦੀਆਂ ਕੁਝ ਜਥੇਬੰਦੀਆਂ ਵੱਲੋਂ ਜਗਤਾਰ ਸਿੰਘ ਹਵਾਰਾ ਤੇ ਬਲਵੰਤ ਸਿੰਘ ਰਾਜੋਆਣਾ ਨੂੰ ਹਕੂਮਤ ਵੱਲੋਂ ਦਿੱਤੀ ਗਈ ਫਾਂਸੀ ਦੀ ਸਜ਼ਾ ਦੇ ਵਿਰੋਧ ਵਿਚ ਇਕ ਪ੍ਰੋਗਰਾਮ ਕੀਤਾ ਗਿਆ ਸੀ, ਜਿਸ ਵਿਚ ਹਰਦੀਪ ਸਿੰਘ ਨੂੰ ਵੀ ਸੱਦਿਆ ਗਿਆ ਸੀ, ਤੇ ਉਸ ਦੁਆਰਾ ਉੱਥੇ ਬੋਲੀਆਂ ਗਈਆਂ ਗੱਲਾਂ ਹੀ ਹੌਲਦਾਰ ਬਲਦੇਵ ਸਿਹੁੰ ਨੇ ਨੋਟ ਕੀਤੀਆਂ ਸਨ।

ਮੱਖਣ ਸਿੰਘ ਦੇ ਕਹਿਣ 'ਤੇ ਬਲਦੇਵ ਸਿਹੁੰ ਨੇ ਇਕ ਮੁੰਡਾ ਲੱਭ ਲਿਆ ਸੀ ਤੇ ਉਸ ਨੂੰ ਹਰਦੀਪ ਹੋਰਾਂ ਦੀ ਕਲਾਸ ਵਿਚ ਭੇਜਣਾ ਸ਼ੁਰੂ ਕਰ ਦਿੱਤਾ ਸੀ। ਮੁੰਡੇ ਦਾ ਨਾਮ ਗੁਰਮੀਤ ਸੀ। ਕਈ ਦਿਨ ਲਗਾਤਾਰ ਉਹ ਕਲਾਸ ਵਿਚ ਜਾਂਦਾ ਰਿਹਾ। ਉਸ ਨੇ ਹੌਲਦਾਰ ਨੂੰ ਦੱਸਿਆ ਕਿ ਉਹ ਗੱਤਕੇ ਦੀ ਟਰੇਨਿੰਗ ਤੋਂ ਬਾਅਦ ਕੁਝ ਸਿਖ ਇਤਿਹਾਸ ਦੀਆਂ ਗੱਲਾਂ ਕਰਦੇ ਹਨ, ਪਰ ਹਰਦੀਪ ਜਿਸ ਢੰਗ ਨਾਲ ਇਤਿਹਾਸ ਸਮਝਾਉਂਦਾ ਹੈ ਐਸਾ ਪ੍ਰਭਾਵਸ਼ਾਲੀ ਤਰੀਕਾ ਉਸ ਨੇ ਕਦੇ ਨਹੀਂ ਸੁਣਿਆਂ। ਅੰਤ ਵਿਚ ਉਹ ਸਾਰੇ ਰਲ ਕੇ 'ਰਹਿਰਾਸ' ਦਾ ਪਾਠ ਕਰਦੇ ਨੇ .... । ਹੌਲਦਾਰ ਦੇ ਕਹਿਣ ਤੇ ਮੁੰਡੇ ਨੇ ਲਗਾਤਾਰ ਕਲਾਸ ਵਿਚ ਜਾਣਾ ਜਾਰੀ ਰੱਖਿਆ। ਹੌਲਦਾਰ ਨੇ ਸਾਰੀ 'ਰਿਪੋਰਟ' ਮੱਖਣ ਸਿਹੁੰ ਤੱਕ ਵੀ ਪਹੁੰਚਾ ਦਿੱਤੀ।

ਇਕ ਦਿਨ ਸੀ. ਆਈ. ਡੀ. ਆਲੇ ਗਿਲ ਨੇ ਮੱਖਣ ਸਿਹੁੰ ਨੂੰ ਇਕ ਮੈਗਜ਼ੀਨ ਲਿਆ ਕੇ ਫੜਾਇਆ, ਜਿਸ ਵਿਚ ਹਰਦੀਪ ਦਾ ਇਕ ਲੇਖ ਛਪਿਆ ਸੀ, ਪੰਜਾਬ ਦੀ ਅੱਜ ਦੀ ਹਾਲਤ ਬਾਰੇ, ਕਈ ਕੁਝ ਉਸ ਲੇਖ ਵਿਚ ਇਹਨਾਂ ਨੂੰ 'ਖਤਰਨਾਕ' ਲੱਗਿਆ। ਲੇਖ ਪੜ੍ਹਣ ਤੋਂ ਬਾਅਦ ਮੱਖਣ ਸਿਹੁੰ ਬੋਲਿਆ,

"ਉ......ਊ......ਊ......ਅੱਛਾ......ਤੇ ਇਹ ਲਿਖਦਾ ਵੀ ਐ"।

"ਜਨਾਬ ਇਹ ਤਾਂ ਪਿਛਲੇ ਤਿੰਨ-ਚਾਰ ਸਾਲ ਤੋਂ ਲਿਖਦੈ ਜੀ" ਗਿੱਲ ਨੇ ਜਵਾਬ ਦਿੱਤਾ।

"ਤੂੰ ਤਾਂ ਮੈਨੂੰ ਅੱਜ ਈ ਦੱਸਿਐ .... ਪਿਛਲਾ ਸਾਰਾ ਕੁਝ ਹੈਗਾ ਤੇਰੇ ਕੋਲ ਏਹਦਾ ਲਿਖਿਆ ਹੋਇਆ"

"ਜੀ ਜਨਾਬ, ਤਕਰੀਬਨ ਸਾਰਾ ਈ ਪਿਐ ਜੀ, ਵੱਡੇ ਸਾਬ ਨੂੰ ਤਾਂ ਪਤੈ .... ਉਹਨਾਂ ਨੇ ਇਕ ਫਾਈਲ ਲਵਾਈ ਵੀ ਐ ਜੀ" ਸਾਰੇ ਜਿਲ੍ਹਿਆਂ ਦੇ ਵੱਡੇ ਸ੍ਹਾਬਾਂ ਨੇ ਲਿਖਣ ਵਾਲੇ ਮੁੰਡਿਆਂ ਦੀਆਂ ਐਹੋ ਜਿਹੀਆਂ ਫਾਈਲਾਂ ਲਵਾਈਆਂ ਹੋਈਆਂ ਹਨ। ਲੋਕ ਭਾਵੇਂ ਪੜਣ ਜਾਂ ਨਾਂ ਪਰ ਇਹ ਸਭ ਕੁਝ ਜਰੂਰ ਪੜਦੇ ਨੇ।

"ਠੀਕ ਐ .... ਆਏਂ ਕਰੀਂ ਮੈਨੂੰ ਦੇਈਂ ਉਹ ਫਾਈਲ ਸਾਰੀ .... ਵੇਖੀਏ ਤਾਂ ਸਹੀ ਲਿਖਦੇ ਕੀ-ਕੀ ਐ ਭਾਈ ਹਰਦੀਪ ਸਿੰਘ"

"ਜਨਾਬ ੪੭ ਤੋਂ ਬਾਅਦ ਬਾਰੇ ਈ ਜਿਆਦਾ ਕੁਛ ਲਿਖਦੈ ਜੀ .... ਜੇ ਕੋਈ ਪਿਛਲੇ ਇਤਿਹਾਸ ਦੀ ਗੱਲ ਵੀ ਲਿਖੇ ਉਸ ਨੂੰ ਵੀ ਅੱਜ ਤੇ ਲਿਆ ਕੇ ਈ ਖਤਮ ਕਰਦੈ ਜੀ .... ਆਮ ਤੌਰ ਤੇ ਇਸ ਦੀਆਂ ਲਿਖਤਾਂ ਦਾ ਮੁਖ-ਪਾਤਰ ਜਾਂ ਕਹਿ ਲਉ ਹੀਰੋ 'ਭਿੰਡਰਾਂਵਾਲਾ' ਈ ਹੁੰਦੈ ਜੀ ...." ਗਿੱਲ ਨੇ ਜੋ ਕੁਝ ਪੜਿਆ ਸੀ ਉਸ ਅਨੁਸਾਰ ਮੱਖਣ ਸਿਹੁੰ ਨੂੰ ਦੱਸ ਦਿੱਤਾ।

"ਬਈ ਫੇਰ ਤਾਂ ਛੇਤੀ ਕੁਝ ਕਰਨਾ ਪਊ ਹੱਲ .... ਬਲਦੇਵ ਸਿਆਂ .... ਓ ਬਲਦੇਵ ਸਿਆਂ .... ਗਿਲ ਚਲਿਆ ਗਿਆ ਤੇ ਮੱਖਣ ਸਿਹੁੰ ਨੇ ਹੌਲਦਾਰ ਨੂੰ ਆਵਾਜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਕਿਸੇ ਨੇ ਦੱਸਿਆ ਕਿ ਉਹ ਤਾਂ ਅੱਜ ਤੀਕ ਆਇਆ ਨੀ ਸੀ।

ਏਧਰ ਕੁਝ ਹੋਰ ਈ ਭਾਣਾ ਵਾਪਰ ਗਿਆ ਸੀ। ਗੁਰਮੀਤ ਨੂੰ ਕਲਾਸ ਵਿਚ ਜਾਂਦੇ ਹੋਏ ਮਸਾਂ ਮਹੀਨਾਂ ਕੁ ਹੋਇਆ ਸੀ। ਹੌਲਦਾਰ ਨੇ ਗੁਰਮੀਤ ਤੋਂ 'ਰਿਪੋਰਟ' ਲੈਣ ਲਈ ਉਸ ਨੂੰ ਸੱਦਾ ਭੇਜਿਆ। ਪਰ ਹੌਲਦਾਰ ਦੀਆਂ ਅੱਖਾਂ ਟੱਡੀਆਂ ਰਹਿ ਗਈਆਂ ਜਦੋਂ ਉਸ ਨੇ ਗੁਰਮੀਤ ਨੂੰ ਵੇਖਿਆ। ਉਸ ਨੇ ਸਿਰ 'ਤੇ ਦੁਮਾਲਾ ਸਜਾਇਆ ਹੋਇਆ ਸੀ। ਭਮੱਤਰਿਆ ਹੋਇਆ ਹੌਲਦਾਰ

ਬੋਲਿਆ "ਓ ਤੈਨੂੰ ਆਹ ਕੀ ਫਤੂਰ ਚੜ ਗਿਐ....... ਹਾਅ ਕੀਹਨੇ ਸਿਖਾਤਾ ਤੈਨੂੰ 'ਪੱਗੜ' ਜਿਹਾ ਬੰਨਣਾ"

"ਮੈਂ ਤਾਂ ਜੀ ਹੁਣ ਕੇਸ ਰੱਖਣੇ ਸ਼ੁਰੂ ਕਰ ਲਏ ਐ........." ਮੁੰਡੇ ਨੇ ਜਵਾਬ ਦਿੱਤਾ, ਉਸ ਦਾ ਬੋਲਣ ਦਾ ਤਰੀਕਾ ਵੀ ਥੋੜਾ ਬਦਲਿਆ ਹੋਇਆ ਸੀ।

ਇਹ ਸੁਣ ਕੇ ਤਾਂ ਜਿਵੇਂ ਹੌਲਦਾਰ ਦੇ ਸਿਰ ਸੌ ਘੜੇ ਪਾਣੀ ਪੈ ਗਿਆ............ ਕਲਾਸ ਦੀ 'ਰਿਪੋਰਟ' ਤਾਂ ਉਸ ਨੂੰ ਭੁੱਲ ਈ ਗਈ ਜਾਂ ਕਹਿ ਲਓ 'ਰਿਪੋਰਟ' ਉਸ ਨੂੰ ਮਿਲ ਗਈ ਸੀ, ਉਸ ਨੇ ਮੁੰਡੇ ਨੂੰ ਹੋਰ ਕੁਝ ਨਾ ਪੁੱਛਿਆ ਤੇ ਡਿਊਟੀ ਤੇ ਜਾਣ ਲਈ ਤਿਆਰ ਹੋ ਗਿਆ। ਛੇਤੀ ਨਾਲ ਕੋਤਵਾਲੀ ਆਇਆ ਤੇ ਸਿਧਾ ਮੱਖਣ ਸਿਹੁੰ ਦੇ ਕਮਰੇ ਵਿਚ ਜਾ ਪਹੁੰਚਿਆ।

"ਓ ਆ ਓ ਬਲਦੇਵ ਸਿੰਘਾ .... ਮੈਂ ਤੈਨੂੰ ਈ ਯਾਦ ਕਰਦਾ ਸੀ.............ਕੁਝ ਨਵਾਂ ਦੱਸਿਐ ਮੁੰਡੇ ਨੇ ਕਲਾਸ ਬਾਰੇ" ਬਲਦੇਵ ਦੇ ਅੰਦਰ ਵੜਦਿਆਂ ਈ ਮੱਖਣ ਸਿੰਹੁ ਨੇ ਪੁੱਛਿਆ, ਉਸ ਨੇ ਹੁਣ ਤੱਕ ਹਰਦੀਪ ਦੇ ਕਈ ਲੇਖ ਪੜ ਲਏ ਸਨ।

"ਜਨਾਬ ਮੁੰਡੇ ਨੇ ਕੀ ਦੱਸਣੈ ਜੀ...........ਓਹਦੇ ਤਾਂ ਤੌਰ ਈ ਬਦਲੇ ਪਏ ਐ .... ਜਨਾਬ ਮੈਂ ਆਪਣੇ ਗੁਆਢ ਦਾ ਸਭ ਤੋਂ ਚਲਾਕ ਤੇ ਇੱਲਤੀ ਜਵਾਕ ਭੇਜਿਆ ਸੀ ਕਲਾਸ 'ਚ .... ਤੇ ਅੱਜ ਜਨਾਬ .... ਅੱਜ ਮੇਰੀ ਹੈਰਾਨੀ ਦੀ ਕੋਈ ਹੱਦ ਨੀ ਰਹੀ ਜਦ ਮੈਂ ਉਸ ਨੂੰ ਨਿਹੰਗਾ ਆਲੀ ਪੱਗ ਜੀ ਬੰਨੀ ਦੇਖਿਆ ....ਜਨਾਬ ਕੀ ਦੱਸਾਂ ਜੀ ਮੇਰਾ ਤਾਂ ਕੁਝ ਪੁੱਛਣ ਨੂੰ ਜੀਅ ਨੀ ਕੀਤਾ .... ਜਿਹੜਾ ਮੁੰਡਾ ਧੀ-ਭੈਣ ਦੀ ਗਾਲ ਤੋਂ ਬਿਨਾਂ ਗੱਲ ਨਹੀਂ ਕਰਦਾ ਸੀ ਅੱਜ ਮੈਂ ਉਸ ਦੇ ਮੂੰਹੋਂ ਫੁੱਲ ਕਿਰਦੇ ਵੇਖੇ .... ਐਨੀ ਨਿਮਰਤਾ .... ਕਮਾਲ ਐ ਜਨਾਬ .... ਪਤਾ ਨੀ ਕੀ ਜਾਦੂ ਆਲੀ ਛੜੀ ਐ ਉਸ ਪਤੰਦਰ ਹਰਦੀਪ ਕੋਲ.........."

"ਫੇਰ ਤਾਂ ਯਾਰ ਫਿਕਰ ਆਲੀ ਗੱਲ ਐ .... ਸਾਹਬ ਨਾਲ ਗੱਲ ਕਰਨੀ ਪਊ .... ਏਹ ਜਿਹੜਾ ਅੱਜ ਮੁੰਡਿਆਂ

ਹੀ ਵਾਲ ਜੋ ਰਖਾਈ ਜਾਂਦੈ, ਕੱਲ ਨੂੰ ਕੋਈ ਹੋਰ ਸਿਆਪਾ ਨਾ ਖੜਾ ਕਰ ਦੇਵੇ................" ਮੱਖਣ ਸਿਹੁੰ ਕੁਝ ਸੋਚ ਕੇ ਉਠ ਕੇ ਤੁਰ ਪੈਂਦਾ ਹੈ।

ਜਿਸ ਹਰਦੀਪ ਦਾ ਇਹ ਏਨਾ 'ਫਿਕਰ' ਕਰ ਰਹੇ ਨੇ, ਉਸ ਦੇ ਚਿੱਤ-ਚੇਤੇ ਵੀ ਕੋਈ ਐਸੀ ਗੱਲ ਨਹੀਂ ਸੀ । ਨਾ ਤਾਂ ਉਹ ਕੋਈ ਪਾਕਿਸਤਾਨ ਦਾ ਏਜੰਟ ਸੀ ਤੇ ਨਾ ਹੀ ਕੋਈ 'ਅੱਤਵਾਦੀ' ਉਹ ਤਾਂ ਸਿਰਫ ਇਕ ਗੁਰਸਿਖ ਸੀ। ਮੁੰਡਿਆਂ ਦੇ ਕੇਸ ਰੱਖਣ ਦਾ ਕਾਰਨ ਇਹ ਸੀ ਕਿ ਹਰਦੀਪ ਮੁੰਡਿਆਂ ਨੂੰ ਇਸ ਤਰ੍ਹਾਂ ਨਾਲ ਇਤਿਹਾਸ ਸਮਝਾ ਰਿਹਾ ਸੀ ਜੈਸਾ ਕਿ ਅੱਜ-ਤੱਕ ਮੁੰਡਿਆ ਨੇ ਨਹੀਂ ਸਮਝਿਆ ਸੀ। ਹੁਣ ਸਿਖ ਇਤਿਹਾਸ ਹੈ ਹੀ ਐਸਾ ਕਿ ਸ੍ਰੋਤੇ ਦੇ ਮਨ 'ਤੇ ਡੂੰਘੀ ਛਾਪ ਛੱਡਦਾ ਹੈ।ਅੱਜ ਕੱਲ ਦਾ ਕੋਈ ਸੰਤ ਜਾਂ ਕਥਾਵਾਚਕ ਇਸ ਤਰ੍ਹਾਂ ਗੁਰਮਤਿ ਸਿਧਾਂਤ ਤੇ ਇਤਿਹਾਸ ਸੰਗਤ ਨੂੰ ਨਹੀਂ ਸੁਣਾ ਰਹੇ ਸਨ, ਉਹ ਤਾਂ ਬਸ ਆਪੋ-ਆਪਣੇ ਘਰ ਭਰਨ ਵਿਚ ਲੱਗੇ ਹੋਏ ਹਨ, ਵੱਡੀਆਂ ਗੱਡੀਆਂ 'ਤੇ ਝੂਟੇ ਲੈਣ ਗਿੱਝੇ ਹੋਏ ਹਨ ਤੇ ਨਤੀਜਾ ਸਾਡੇ ਸਾਹਮਣੇ ਹੈ। ਦੂਜੇ ਲਫ਼ਜਾਂ ਵਿਚ ਇਹ ਵੀ ਕਹਿ ਸਕਦੇ ਹਾਂ ਕਿ ਅੱਜ ਦੇ ਸਮੇਂ ਵਿਚ ਜੋ ਵੀ ਪ੍ਰਚਾਰ ਸਟੇਜਾਂ ਤੋਂ ਕੀਤਾ ਜਾ ਰਿਹਾ ਹੈ ਲਗਭਗ ਸਾਰਾ ਹੀ 'ਸਰਕਾਰੀ' ਹੈ। ਸਕਰਾਰ ਜਾਂ ਏਜੰਸੀਆਂ ਜੋ ਕਹਿੰਦੀਆਂ ਹਨ ਉਹ ਹੀ ਬੋਲਿਆ ਜਾ ਰਿਹਾ ਹੈ।

"ਘਰ ਤੋਂ ਬਾਅਦ ਸਕੂਲ ਤੇ ਗੁਰਦੁਆਰਾ ਹੀ ਐਸੀਆਂ ਥਾਵਾਂ ਹਨ ਜਿਥੇ ਬੱਚੇ ਚੰਗੀ ਸਿੱਖਿਆ ਹਾਸਲ ਕਰ ਸਕਦੇ ਹਨ। ਸਕੂਲ ਤਾਂ ਸਰਕਾਰ ਦੇ ਕਬਜੇ ਹੇਠ ਸਨ ਹੀ, ਉਹ ਹੀ ਪੜਾਇਆ ਜਾਂਦਾ ਹੈ ਜੋ ਸਰਕਾਰ ਚਾਹੁੰਦੀ ਹੈ, ਗਾਂਧੀ ਨੂੰ ਬਾਪੂ, ਨਹਿਰੂ ਨੂੰ ਚਾਚਾ ...., ਤੇ ਹੁਣ ਗੁਰਦੁਆਰੇ ਵੀ ਤਕਰੀਬਨ ਸਰਕਾਰੀ ਕਬਜੇ ਥੱਲੇ ਹਨ ਤੇ ਸਰਕਾਰੀ ਪ੍ਰਚਾਰ ਜੋਰਾਂ ਸ਼ੋਰਾਂ ਨਾਲ ਹੋ ਰਿਹਾ ਹੈ। .... ਤੇ ਜੇ ਕੋਈ ਹਰਦੀਪ ਵਰਗਾ ਮੁੰਡਾ ਨੌਜੁਆਨਾਂ ਮੂਹਰੇ ਸੱਚ ਰੱਖ ਰਿਹਾ ਹੈ ਤਾਂ ਉਹ ਤਾਂ ਇਹਨਾਂ ਨੂੰ 'ਖਤਰਨਾਕ' ਲੱਗਣਾ ਹੀ ਹੈ।

ਮੱਖਣ ਸਿੰਘ ਸਾਰੀ ਗੱਲ ਵੱਡੇ ਸਾਹਬ ਨਾਲ ਕਰਦਾ ਹੈ। ਕੁਝ ਮਸਾਲਾ ਕੋਲੋਂ ਵੀ ਲਗਾ ਦਿੰਦਾ ਹੈ। ਵੱਡਾ ਸਾਹਬ ਮਸਲੇ ਨੂੰ ਗੰਭਰਿਤਾ ਨਾਲ ਲੈਣ ਦਾ ਹੁਕਮ ਦਿੰਦਾ ਹੈ, ਤੇ ਕਿਸੇ ਤਰੀਕੇ ਕਲਾਸ ਬੰਦ ਕਰਵਾਉਣ ਲਈ

ਉਪਰਾਲਾ ਕਰਨ ਲਈ ਵੀ ਕਹਿੰਦਾ ਹੈ। ਜਦੋਂ ਮੱਖਣ ਸਿੰਘ ਉੱਠ ਕੇ ਤੁਰਨ ਲੱਗਦਾ ਹੈ ਤਾਂ ਵੱਡਾ ਸਾਹਬ ਬੋਲਦਾ ਹੈ, "ਕੋਈ ਬਾਤ ਨਹੀਂ ਮੱਖਣ ਸਿੰਘ........ਫਿਕਰ ਮਤ ਕਰੋ..........ਜਲਦੀ ਹੀ 'ਕੁਛ ਨਾ ਕੁਛ' ਹੋ ਜਾਏਗਾ"

ਸੀ. ਆਈ. ਡੀ. ਦੇ ਕੁਝ ਬੰਦੇ ਚੁੱਪ ਚਪੀਤੇ ਓਹਨਾਂ ਮੁੰਡਿਆ ਦੇ ਘਰਦਿਆ ਨੂੰ ਮਿਲ ਆਉਂਦੇ ਹਨ ਜੋ ਲਗਾਤਾਰ ਹਰਦੀਪ ਨੂੰ ਮਿਲਦੇ ਸਨ। ਮੁੰਡਿਆ ਦੇ ਘਰਦਿਆਂ ਨੂੰ ਹਰਦੀਪ ਦੇ 'ਅੱਤਵਾਦੀ' ਹੋਣ ਬਾਰੇ ਦੱਸ ਦਿੱਤਾ ਜਾਂਦਾ ਹੈ।

ਸਚਮੁੱਚ, ਉਹ ਸਰਕਾਰ ਲਈ ਅੱਤਵਾਦੀ ਹੀ ਤਾਂ ਸੀ। ਜੋ ਸਰਾਬਾਂ ਪੀ ਰਹੇ ਤੇ ਗੰਦੇ ਗਾਣਿਆ ਤੇ ਭੰਗੜੇ ਪਾ ਰਹੇ ਮੁੰਡਿਆਂ ਨੂੰ ਬਾਬਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਯਾਦ ਦਿਵਾ ਰਿਹਾ ਸੀ। ਉਹ ਅੱਤਵਾਦੀ ਹੀ ਸੀ, ਜਿਸ ਨੇ ਸਾਰਾ ਦਿਨ ਕੁੜੀਆਂ ਮਗਰ ਧੱਕੇ ਖਾਂਦੇ ਫਿਰ ਰਹੇ ਮੁੰਡਿਆਂ ਨੂੰ ਗੁਰਦੁਆਰੇ ਆਉਣ ਲਾ ਦਿੱਤਾ ਸੀ, ਜਿਸ ਨੇ ਛੋਟੀ-ਛੋਟੀ ਗੱਲ ਤੇ ਆਪੋ ਵਿਚ ਲੜਦੇ ਮੁੰਡਿਆਂ ਨੂੰ ਭਰਾਵਾਂ ਵਾਂਗ ਰਹਿਣਾ ਸਿਖਾ ਦਿੱਤਾ ਸੀ ਜਿਹੜੇ ਹੁਣ ਜਦ ਗੱਤਕਾ ਖੇਡਦੇ ਸਨ ਤਾਂ ਲੋਕ ਮੂੰਹ ਵਿਚ ਉਂਗਲਾਂ ਪਾਂ ਲੈਂਦੇ ਸਨ। ਅੱਤਵਾਦੀ ਹੀ ਸੀ .... ਸਚਮੁੱਚ ....।

ਜਿਹੜੇ 'ਕੁਛ ਨਾ ਕੁਛ' ਹੋ ਜਾਣ ਬਾਰੇ ਵੱਡੇ ਸਾਹਬ ਨੇ ਮੱਖਣ ਸਿੰਘ ਨੂੰ ਕਿਹਾ ਸੀ, ਉਹ ਹੋ ਗਿਆ। ਦੂਰ ਇਕ ਜਿਲ੍ਹੇ ਦੇ ਸਿਨੇਮੇਂ ਵਿਚ ਬੰਬ ਧਮਾਕਾ ਹੋ ਗਿਆ .... ਚਾਰ ਕੁ ਬੰਦੇ ਵੀ ਮਰ ਗਏ। ਮਰਨ ਵਾਲੇ ਭਈਏ ਸਨ ਤੇ ਸ਼ੱਕ ਸਿੱਧਾ ਸਿਖਾਂ ਤੇ ਹੀ ਆਉਣਾ ਸੀ। ਪੈਂਦੀ ਸੱਟੇ ਹੀ ਸਾਰੇ ਮੀਡੀਏ ਤੇ ਪੁਲਸ ਨੇ ਗੱਲ ਸਿਖ ਜਥੇਬੰਦੀਆਂ ਦੇ ਗਲ ਪਾ ਦਿੱਤੀ .... ਬਸ .... ਫੇਰ ਕੀ ਸੀ । ਦੋ ਮਹੀਨੇ ਹੋ ਗਏ ਧਮਾਕੇ ਨੂੰ ....ਪੰਜਾਬ ਵਿਚੋਂ ਘੱਟੋ-ਘੱਟ ੬੦-੭੦ ਮੁੰਡੇ ਚੁੱਕ ਲਏ ਪੁਲਸ ਨੇ ਪੁੱਛ ਪੜਤਾਲ ਕਰਨ ਲਈ .... ਤੇ ਅੱਜ ਹਰਦੀਪ ਦੀ ਵਾਰੀ ਵੀ ਆ ਗਈ .... ਉਹ ਵੀ ਤਾਂ ਨਜਰਾਂ ਵਿਚ ਸੀ .... ਬਸ ਮੌਕੇ ਦੀ ਭਾਲ ਸੀ .... ਤੇ ਏਸ ਤੋਂ ਵਧੀਆ ਮੌਕਾ ਪੁਲਸ ਲਈ ਹੋਰ ਕਿਹੜਾ ਸੀ।

ਸਾਰੇ ਆਂਢ-ਗੁਆਂਢ ਦੇ ਸਾਹਮਣੇ ਕੱਲ੍ਹ ਪੁਲਸ ਨੇ ਹਰਦੀਪ ਨੂੰ ਘਰੋਂ ਚੁੱਕਿਆ ਸੀ ਪਰ ਅੱਜ ਦੇ ਅਖਬਾਰ ਦੀ ਖਬਰ ਸੀ, "ਬੱਬਰ ਖਾਲਸਾ ਦਾ ਖਤਰਨਾਕ ਦਹਿਸ਼ਤਗਰਦ ਹਰਦੀਪ ਸਿੰਘ ਉਰਫ ਦੀਪਾ ਦਿੱਲੀ ਪੁਲਸ ਵੱਲੋਂ ਗ੍ਰਿਫਤਾਰ .... ੨੬ ਜਰਵਰੀ ਤੇ ਦਿੱਲੀ ਧਮਾਕਾ ਕਰਨ ਦੀ ਯੋਜਨਾ ਸੀ .... ਬਹੁਤ ਚਿਰ ਤੋਂ ਪੁਲਸ ਨੂੰ ਲੋੜੀਂਦਾ ਸੀ .... ਸਿਨੇਮਾਂ ਧਮਾਕੇ ਵਿਚ ਵੀ ਹੱਥ ਸੀ .... ਸਰਸੇ ਵਾਲੇ ਨੂੰ ਮਾਰਨ ਦਾ ਵੀ ਪਲੈਨ ਸੀ ...."

ਖਬਰ ਪੜ੍ਹ ਕੇ ਕਿਸੇ ਨੂੰ ਯਕੀਨ ਨਹੀਂ ਹੋ ਰਿਹਾ ਸੀ, ਐਸਾ ਹੋ ਵੀ ਕਿਵੇਂ ਸਕਦਾ ਸੀ, ਏਨਾ ਸ਼ਰੀਫ ਮੁੰਡਾ .... ਤੇ ਅੱਤਵਾਦੀ............... ਪਰ ਇਸ ਨੂੰ ਤਾਂ ਘਰੋਂ ਚੁੱਕਿਆ ਸੀ ਤੇ ਫਿਰ ਦਿੱਲੀਓਂ?........... ਫੇਰ 'ਕਿਸੇ ਡਰੋਂ' ਸਾਰੇ ਚੁੱਪ ਹੋ ਜਾਂਦੇ।

ਏਧਰ ਮੱਖਣ ਸਿਹੁੰ, ਹੌਲਦਾਰ ਬਲਦੇਵ ਸਿਹੁੰ ਨਾਲ ਖਿੜ-ਖਿੜਾ ਕੇ ਹੱਸ ਰਿਹਾ ਸੀ। ਉਹ ਖੁਸ਼ ਹੋਣ ਵੀ ਕਿਉਂ ਨਾਂ, ਇਕ ਵੱਡੇ 'ਖਤਰਨਾਕ ਅੱਤਵਾਦੀ' ਨੂੰ ਫੜਣ ਵਿਚ ਉਹਨਾਂ ਦਾ ਵੀ ਤਾਂ ਯੋਗਦਾਨ ਸੀ।

ਜਿਸ ਵਿੱਚ ਸਾਨੂੰ ਮਿਲੀਆਂ ਸੂਲੀਆਂ ਨੇ,
ਤਵਾਰੀਖ ਸਾਨੂੰ ਦੱਸਦੀ ਪੁਰਾਣੀ ਆਂ।

ਜਿਹੜੀ ਤੇਗ ਨਾਲ ਮਾਰਿਆ ਸੀ ਮੰਨਾ,
ਅੱਜ ਵੀ ਉਹ ਤੇਗ ਸਾਨੂੰ ਦੱਸਦੀ ਕਹਾਣੀ ਆ

ਸਾਡਾ ਖਾਲਸਾ ੲ। ਦੀ ਪ। ਪਾਉਂਦਾ ਆਇਆ,
ਇਹ ਸਿੰਘਾਂ ਰਣ ਸਿਖਾਇਆ ਏ,

31 ਅਕਤੂਬਰ ਨੂੰ ਮਾਰੀ ਇੰਦਰਾ,
ਤੇ 31 ਅਗਸਤ ਨੂੰ ਬੇਅੰਤਾ ਫੁੰਡਵਾਇਆ ਏ

ਸੜਿਆ ਫਿਰਦਾ ਸੀ ਨਕਲੀਆਂ ਨਾਲ ਜਿਹੜਾ,
ਸਿੰਘਾਂ ਜੁੱਤੀ ਵਿੱਚ ਪਿਸਵਾਇਆ ਏ, PTO

ਰਹੇ ਚੜ੍ਹਿਆਂ ਸੌਲੀ ਖਾਲਸਾ ਨਹੀਂ ਮੁੱਖ ਮੋੜਦਾ,
ਕਿਉਂਕਿ ਇਹ ਤਾਂ ਮਾਤਾ ਸਾਹਿਬ ਕੌਰ ਦਾ ਲਾਡਲਾ ਹੈ।

"ਨੂਰਦੀਨ ਦੀ ਸਰਾਂ ਤੋਂ ਸਕੱਤਰੇਤ ਤੱਕ"

ਗੱਲ ਅਜੇ ਵੀ ਡੋਰ ਭੋਰ ਹੋਇਆ ਬੈਠਾ ਸੀ। ਉਸਦੀ ਸਮਝ ਨਹੀਂ ਆ ਰਿਹਾ ਸੀ ਕਿ ਏਨੀ ਸੁਰੱਖਿਅਤ ਥਾਂ 'ਤੇ ਏਡਾ ਵੱਡਾ ਵਾਕਾ ਕਿਵੇਂ ਹੋ ਗਿਆ। ਸਾਰੀਆਂ ਖੁਫੀਆਂ ਏਜੰਸੀਆਂ ਫੇਲ੍ਹ, ਸਾਰੀ ਸੁਰੱਖਿਆ ਧਰੀ ਧਰਾਈ ਰਹਿ ਗਈ। ਆਖਰ ਕੋਈ ਏਨਾ ਨਿਡਰ ਤੇ ਬੇਖੌਫ ਕਿਵੇਂ ਹੋ ਸਕਦਾ ਹੈ। ਕਿਸ ਮਿੱਟੀ ਦੇ ਬਣੇ ਹੋਏ ਨੇ ਇਹ ਲੋਕ।

-----●-----

"ਓ ਨਹੀਂ ਨਹੀਂ ...... ਤੈਨੂੰ ਭੁਲੇਖਾ ਲੱਗਦਾ ਹੈ...... ਇਹ ਸਿੰਘ ਨਹੀਂ ਹੋ ਸਕਦੇ...... ਸਿੰਘ ਕਿਵੇਂ ਹੋ ਸਕਦੇ ਨੇ...... ਸਿੰਘ ਤਾਂ ਸਾਰੇ ਖਾਨ ਬਹਾਦਰ ਨੇ ਮਾਰ ਮੁਕਾਏ ਨੇ...... ਹੁਣ ਨੀ ਬਚਿਆ ਕੋਈ ਸਿੰਘ...... ਜਿਹੜੇ ਮਾੜੇ ਮੋਟੇ ਬਚੇ ਨੇ ਉਹ ਜੰਗਲੀਂ ਨਿਕਲ ਗਏ ਨੇ...... ਇਹ ਸਿੰਘ ਨਹੀਂ ਹੋ ਸਕਦੇ"

"ਨਹੀਂ ਬਸ਼ੀਰ, ਮੈਨੂੰ ਦੂਰੋਂ ਝਾੜੀਆਂ ਚੋਂ ਇਹਨਾਂ ਦੇ ਲੰਬੇ ਕੇਸ ਦਿਸੇ ਸਨ, ਇੰਝ ਲੱਗਦਾ ਸੀ ਜਿਵੇਂ ਕੋਈ ਕੇਸਾਂ ਨੂੰ ਸਵਾਰ ਰਿਹਾ ਹੋਵੇ...... ਨਾਲੇ ਇਹਨਾਂ ਦੇ ਲੀੜੇ ਵੀ ਨੀਲੀ ਭਾਅ ਮਾਰਦੇ ਸਨ ਤੇ ਸਿਰ ਵਾਲੀ ਪੱਗ ਕੇਸਰੀ ਲੱਗਦੀ ਸੀ...... ਤੂੰ ਮੰਨ ਭਾਵੇਂ ਨਾ ਮੰਨ, ਮੈਨੂੰ ਤਾਂ ਇਹ ਸਿੰਘ ਹੀ ਲੱਗਦੇ ਨੇ"

"ਓ ਤੂੰ ਤਾਂ ਝੱਲੈਂ...... ਤੂੰ ਜਾਣਦਾ ਨਈ ਸਿੰਘਾਂ ਨੂੰ!..... ਤੈਨੂੰ ਨਈ ਪਤਾ ਬੀ ਉਹ ਕਦੇ ਲੁਕ ਕੇ ਨਈ ਬੈਂਹਦੇ!, ਦੁਸ਼ਮਨ ਨਾਲ ਟੱਕਰ ਲੈਂਦੇ ਨੇ...... ਇਹ ਕੋਈ ਬਹਿਰੂਪੀਏ ਹੋਣਗੇ, ਸਿੰਘ ਨਹੀਂ ਹੋ ਸਕਦੇ"

ਦੋ ਰਾਹੀ ਹੌਲੀ-ਹੌਲੀ ਆਪਸ ਵਿਚ ਗੱਲਾਂ ਕਰ ਰਹੇ ਨੇ। ਜਕਰੀਆ ਖਾਨ ਵੇਲੇ ਦਾ ਸਮਾਂ ਹੈ। ਇਕ ਰਾਹੀ ਨੂੰ ਦੂਰੋਂ ਝੌਲਾ ਜਿਹਾ ਪੈਂਦਾ ਹੈ ਕਿ ਜਿਵੇਂ ਝਾੜੀਆਂ ਵਿਚ ਕੁਝ ਬੰਦੇ ਲੁਕੇ ਬੈਠੇ ਹੋਣ। ਉਸਨੂੰ ਲੱਗਿਆ ਕਿ ਜਿਵੇਂ ਉਹ ਸਿੰਘ ਹੋਣ। ਪਰ ਸਰਕਾਰ ਨੇ ਤਾਂ ਐਲਾਨੀਆਂ ਕਿਹਾ ਹੋਇਆ

ਜੀ ਕਿ ਸਾਰੇ ਸਿੰਘ ਮਾਰ ਦਿੱਤੇ ਗਏ ਹਨ। ਇਸ ਲਈ ਉਹ ਇਹਨਾਂ ਮੁਕੇ ਹੋਇਆਂ ਬਾਰੇ ਆਪਸ ਵਿਚ ਗੱਲਾਂ ਕਰ ਰਹੇ ਹਨ।

ਅਸਲ ਵਿਚ ਝਾੜੀਆਂ ਵਿਚ ਬੈਠੇ ਹੋਏ ਬੰਦੇ ਸਿੰਘ ਹੀ ਹਨ। ਜਦੋਂ ਦਾ ਹਕੂਮਤ ਨੇ ਉਹਨਾਂ ਦੇ ਸਿਰਾਂ ਦਾ ਮੁੱਲ ਪਾਇਆ ਹੈ ਓਦੋਂ ਤੋਂ ਉਹ ਲੁਕ ਛਿਪ ਕੇ ਗੁਜ਼ਾਰਾ ਕਰ ਰਹੇ ਹਨ,

''ਦਹਿਸ਼ਤ ਹੈ ਫੈਲਾ ਦਿੱਤੀ ਪਾਪੀ ਮੁਗਲਾਂ ਦੇ ਡਰ ਨੇ,
ਤਾਂਹੀਓਂ ਮਾਵਾਂ ਦੇ ਪੁੱਤ ਕਈ ਘਰੋਂ ਹੋਏ ਫਿਰਦੇ ਬੇਘਰ ਨੇ,
ਉਹ ਜੰਗਲਾਂ 'ਚ ਕੱਟਦੇ ਨੇ, ਠੰਡੀਆਂ ਰਾਤਾਂ ਗਰਮ ਦੁਪਿਹਰੀ,
ਬਚ ਬੁਰੇ ਹਾਲਾਤਾਂ ਤੋਂ ਪੱਤਾ ਪੱਤਾ ਸਿੰਘਾਂ ਦਾ ਵੈਰੀ''

ਰਾਹੀਆਂ ਦੀਆਂ ਗੱਲਾਂ ਸੁਣ ਕੇ ਸਿੰਘ ਆਪਸ ਵਿਚ ਵਿਚਾਰ ਕਰ ਰਹੇ ਹਨ,

'ਸ਼ੇਰ ਗ਼ੈਰਾਂ ਦੀ ਗੁਲਾਮੀਂ ਵਿਚ ਰਹਿੰਦੇ ਨ੍ਹੀ,
ਕਦੇ ਕੌਮ ਨੂੰ ਬੰਦਿਆਂ ਦੇ ਘਾਟੇ ਪੈਂਦੇ ਨ੍ਹੀ,
ਹੋਣ ਸਿੰਘ ਜੋ ਝੱਲਾਂ 'ਚ ਲੁਕ ਬਹਿੰਦੇ ਨੇ,
ਕਦੇ ਵੈਰੀ ਦੇ ਝੁਕਾਇਆਂ ਤੋਂ ਝੁਕੇ ਨ੍ਹੀ ਖਾਲਸੇ,
ਉੱਠ ਦੱਸੀਏ ਜਹਾਨ ਤੋਂ ਮੁੱਕੇ ਨ੍ਹੀ ਖਾਲਸੇ''

ਜਦੋਂ ਰਾਹੀਆਂ ਨੇ ਕਿਹਾ ਕਿ , ''ਸਿੰਘ ਲੁਕ ਕੇ ਨਹੀਂ ਬਹਿੰਦੇ'' ਤਾਂ ਝਾੜੀਆਂ ਵਿਚ ਹਿੱਲ-ਜੁੱਲ ਹੋਈ ਤੇ ਦੋਵੇਂ ਸਿੰਘ ਬਾਹਰ ਆ ਗਏ। ਦੋਵੇਂ ਰਾਹੀ ਉਹਨਾਂ ਨੂੰ ਦੇਖ ਕੇ ਘਬਰਾ ਗਏ। ਬਾਹਰ ਆਏ ਦੋਵੇਂ ਸਿੰਘ ਸਨ, ਭਾਈ ਬੋਤਾ ਸਿੰਘ ਤੇ ਭਾਈ ਗਰਜਾ ਸਿੰਘ। ਉਹਨਾਂ ਉੱਚੀ ਆਵਾਜ਼ ਵਿਚ ਰਾਹੀਆਂ ਨੂੰ ਕਿਹਾ, 'ਸੁਣੋਂ ਬਈ ਰਾਹੀਓ, ਤੁਸੀਂ ਗਲਤ ਸੁਣਿਆਂ ਹੈ ਕਿ ਸਿੰਘ ਖਤਮ ਕਰ ਦਿੱਤੇ ਗਏ ਹਨ... ਗੁਰੂ ਪਾਤਸ਼ਾਹ ਫਰਮਾਉਂਦੇ ਹਨ ''ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ''... ਸਿੰਘ ਖਤਮ ਨਈ ਹੋਏ ਜਿਉਂਦੇ ਹਨ, ਸਗੋਂ ਰਾਜ ਕਰ ਰਹੇ ਹਨ...ਇਹ ਜਿਹੜੀ ਥਾਂ 'ਤੇ ਤੁਸੀਂ ਖਲੋਤੇ ਹੋ ਇਹ ਸਿੰਘਾਂ ਦੇ ਰਾਜ ਦੇ ਅਧੀਨ ਆਉਂਦੀ ਹੈ। ਏਥੋਂ ਲੰਘਣ ਵਾਲੇ ਹਰੇਕ ਰਾਹੀ ਨੂੰ ਹੁਣ ਮਸੂਲ ਦੇਣਾ ਪਵੇਗਾ। ਜਾਓ ਜਾ ਕੇ ਆਪਣੇ ਖਾਨ ਬਹਾਦਰ ਨੂੰ ਕਹਿ ਦਿਓ ਕਿ ਨੂਰਦੀਨ ਦੀ ਸਰਾਂ 'ਤੇ ਖਾਲਸੇ ਦਾ ਰਾਜ ਹੋ ਗਿਐ''

'ਖਬਰ ਲਹੌਰ ਪੁਚਾ ਦਿਓ ਹੋ ਗਿਆ ਰਾਜ ਖਾਲਸੇ ਦਾ'

ਦੋਵੇਂ ਰਾਹੀ ਚੁੱਪ-ਚਾਪ ਖਲੋਤੇ ਰਹਿੰਦੇ ਹਨ। ਸਿੰਘ, ਜਕਰੀਆ ਖਾਨ ਦੇ ਨਾਮ ਇਕ ਚਿੱਠੀ ਲਿਖ ਕੇ ਉਹਨਾਂ ਨੂੰ ਫੜ੍ਹਾਉਦੇ ਹਨ ਤੇ ਤਾਕੀਦ ਕਰਦੇ ਹਨ ਕਿ ਇਹ ਚਿੱਠੀ ਜਕਰੀਆ ਖਾਨ ਤੱਕ ਪੁੱਜ ਜਾਣੀ ਚਾਹੀਦੀ ਹੈ।ਚਿੱਠੀ ਪੜ੍ਹ ਕੇ ਜਕਰੀਆਂ ਖਾਨ ਨੂੰ ਸੱਤੇ ਕੱਪੜੀਂ ਅੱਗ ਲੱਗ ਜਾਂਦੀ ਹੈ। ਉਹ ੧੦੦ ਸਿਪਾਹੀਆਂ ਦੀ ਇਕ ਟੁਕੜੀ ਭੇਜਦਾ ਹੈ ਸਿੰਘਾਂ ਨੂੰ ਮਾਰਨ ਲਈ। ਮਨ ਹੀ ਮਨ ਉਹ ਸੋਚਦਾ ਹੈ, "ਕੈਸੇ ਲੋਕ ਨੇ ਇਹ, ਏਨੀਆਂ ਮਾਰਾਂ ਤੋਂ ਬਾਅਦ ਵੀ ਨਹੀਂ ਡੋਲਦੇ। ਆਰੇ, ਰੰਬੀਆਂ, ਚਰਖੜੀਆਂ, ਕੈਦਾਂ, ਭੁੱਖਾਂ ਇਹਨਾਂ ਦੇ ਸਿਦਕ ਨੂੰ ਭੋਰਾ ਵੀ ਨਹੀ ਤੋੜ ਸਕੀਆਂ। ਯਾ ਖੁਦਾ ਕੀ ਤਾਕਤ ਹੈ ਇਹਨਾਂ ਲੋਕਾਂ ਵਿਚ।" ਓਧਰ ਉਹ ਦੋਵੇਂ ਸਿੰਘ ਸਿਪਾਹੀਆਂ ਦਾ ਡਟ ਕੇ ਮੁਕਾਬਲਾ ਕਰ ਰਹੇ ਹਨ, ਕਈਆਂ ਨੂੰ ਮਾਰ ਮੁਕਾਉਂਦੇ ਹਨ ਤੇ ਏਧਰ ਜਕਰੀਆਂ ਖਾਨ ਬੈਠਾ ਸੋਚ ਰਿਹਾ ਹੈ, "ਕੀ ਇਹ ਕੌਮ ਕਦੇ ਖਤਮ ਹੋ ਸਕੇਗੀ?"

-----●-----

ਸਦੀਆਂ ਕਰਵਟ ਲੈਂਦੀਆਂ ਨੇ। ਜ਼ਾਲਮ ਨਵੀਆਂ ਸ਼ਕਲਾਂ ਤੇ ਨਵੇਂ ਨਾਮ ਲੈ ਕੇ ਜਨਮ ਲੈਂਦੇ ਨੇ। ਪਰ ਸਿੰਘਾਂ ਨਾਲ ਦੁਸ਼ਮਨੀ ਉਹੀ ਹੈ। ਪਾਪੀਆਂ ਦੇ ਇਹਨਾਂ ਨਵੇਂ ਅਵਤਾਰਾਂ ਵਿਚੋਂ ਦੋ, ਰਾਜਾ ਅਤੇ ਸੈਨਾਪਤੀ, ਰਾਜਧਾਨੀ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰ ਰਹੇ ਹਨ। ਬਾਜ ਅੱਖ ਵਾਲੀ ਚੌਕਸੀ ਨਾ ਸੁਰੱਖਿਆ ਅਧਿਕਾਰੀ ਹਰੇਕ ਪਾਸੇ ਨਜ਼ਰ ਰੱਖ ਰਹੇ ਹਨ। ਹਰ ਕਿਸੇ ਆਉਣ ਜਾਣ ਵਾਲੇ ਦੀ ਤਲਾਸ਼ੀ ਲਈ ਜਾਂਦੀ ਹੈ। ਪੂਰਾ ਇਲਾਕਾ ਪੁਲਸ ਛਾਉਣੀ ਵਿਚ ਤਬਦੀਲ ਹੋਇਆ ਪਿਆ ਹੈ। ਜਕਰੀਆ ਖਾਨ ਦਾ ਨਵਾਂ ਅਵਤਾਰ ਬੇਅੰਤਾ, ਜਿਸ ਨੇ ਕਿ ਕੁਝ ਸਾਲਾਂ ਵਿਚ ਹੀ ਪੰਜਾਬ ਦੀ ਧਰਤੀ 'ਤੇ ਬੇਅੰਤ ਨਿਰਦੋਸ਼ਾਂ ਖ਼ੂਨ ਵਹਾਇਆ ਹੈ, ਅੰਦਰ ਦਾਖਲ ਹੁੰਦਾ ਹੈ। ਉਸ ਦੇ ਨਾਲ ਹੀ ਉਸ ਦਾ ਸੈਨਾਪਤੀ ਗਿੱਲ ਹੈ, ਜੋ ਉਸ ਦੇ ਹਰੇਕ ਪਾਪ ਵਿਚ ਬਰਾਬਰ ਦਾ ਸ਼ਰੀਕ ਹੈ। ਉਸ ਦੇ ਅੰਦਰ ਆਉਣ ਤੋਂ ਪਹਿਲਾਂ ੧੦੦-੧੫੦ ਸਿਪਾਹੀ ਅੰਦਰ ਆਉਦੇ ਹਨ ਤੇ ਉਹ ਸਾਰੇ ਸਿਪਾਹੀਆਂ ਦੇ ਵਿਚਾਲੇ ਹੈ। ਬੇਅੰਤਾ ਤੇ ਉਸ ਦਾ ਸੈਨਾਪਤੀ ਆਪਣੀ ਥਾਂ ਲੈ ਲੈਂਦੇ ਹਨ।

ਪੱਤਰਕਾਰ ਪੁੱਛਦੇ ਹਨ, "ਪੰਜਾਬ ਦੀ ਮੌਜੂਦਾ ਹਾਲਾਤ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ"

"ਵੇਖੋ ਪੰਜਾਬ ਇਸ ਵੇਲੇ ਖੁਸ਼ਹਾਲੀ ਵੱਲ ਵਧ ਰਿਹਾ ਹੈ। ਪੂਰੀ ਤਰ੍ਹਾਂ ਸ਼ਾਂਤੀ ਹੋ ਚੁੱਕੀ ਹੈ (ਕਬਰਾਂ ਦੀ ਸ਼ਾਂਤੀ)। ਪੂਰਾ ਅਮਨ ਹੋ ਚੁੱਕਾ ਹੈ। ਹੁਣ ਹਾਲਾਤ ਬਿਲਕੁਲ ਕੰਟਰੋਲ ਵਿਚ ਹਨ।" ਆਪਣੀ ਕਾਲੀ ਐਨਕ ਠੀਕ ਕਰਦਾ ਹੋਇਆ ਉਹ ਬੋਲਦਾ ਹੈ।

"ਖਾੜਕੂਆਂ ਬਾਰੇ ਤੁਹਾਡਾ ਕੀ ਕਹਿਣਾ ਹੈ"

"ਵੇਖੋ ਸਾਡੀ ਪੁਲਸ ਨੇ ਆਪਣੀਆਂ ਜਾਨਾਂ ਦੀ ਬਾਜ਼ੀ ਲਗਾ ਕੇ ਪੰਜਾਬ ਵਿਚ ਅਮਨ ਕਾਇਮ ਕਰ ਲਿਆ ਹੈ। ਜਿੱਥੋਂ ਤੱਕ ਅੱਤਵਾਦੀਆਂ ਦਾ ਸਵਾਲ ਹੈ, ਉਹਨਾਂ ਦਾ ਪੂਰੀ ਤਰ੍ਹਾਂ ਸਫਾਇਆ ਕਰ ਦਿੱਤਾ ਗਿਆ ਹੈ। ਇਕ ਵੀ ਅੱਤਵਾਦੀ ਪੰਜਾਬ ਦੀ ਧਰਤੀ 'ਤੇ ਜਿਊਂਦਾ ਨਹੀਂ ਛੱਡਿਆ ਗਿਆ। ਕਿਸੇ ਦੀ ਮਜਾਲ ਨਹੀਂ ਕਿ ਹੁਣ ਪੰਜਾਬ ਵਿਚ ਮਾੜੀ ਜਹੀ ਵੀ ਗੜਬੜ ਕਰ ਸਕੇ। ਅਸੀਂ ਅੱਤਵਾਦੀਆਂ ਨੂੰ ਬੁਰੀ ਤਰ੍ਹਾਂ ਹਰਾ ਦਿੱਤਾ ਹੈ। ਹੁਣ ਸਦੀਆਂ ਤੱਕ ਉਹ ਪੰਜਾਬ ਵਿਚ ਸਿਰ ਨਹੀਂ ਚੁੱਕਣਗੇ। ਅੱਜ ਤੋਂ ਬਾਅਦ ਪੰਜਾਬ ਵਿਚ ਕੋਈ ਅੱਤਵਾਦੀ ਘਟਨਾ ਨਹੀਂ ਹੋਵੇਗੀ। ਮੈਂ ਐਲਾਨ ਕਰਦਾ ਹਾਂ ਕਿ ਅਸੀਂ ਸਾਰੇ ਅੱਤਵਾਦੀ ਮਾਰ ਮੁਕਾਏ ਨੇ"

ਕੁਝ ਹੋਰ ਰਸਮੀ ਜਹੇ ਸਵਾਲਾਂ ਤੋਂ ਬਾਅਦ ਬੇਅੰਤਾ ਉੱਠ ਖੜਾ ਹੁੰਦਾ ਹੈ। ਉਸ ਨੇ ਕਿਸੇ ਹੋਰ ਪ੍ਰੋਗਰਾਮ 'ਤੇ ਜਾਣਾ ਹੈ। ਉਹ ਸਕੱਤਰੇਤ ਦੀਆਂ ਪੌੜੀਆਂ ਉਤਰ ਕੇ ਥੱਲੇ ਆ ਰਿਹਾ ਹੈ। ਉਸ ਦਾ ਸੈਨਾਪਤੀ ਉਸ ਤੋਂ ਥੋੜਾ ਪਿੱਛੇ ਹੈ। ਕੁਝ ਪੱਤਰਕਾਰ ਅਜੇ ਵੀ ਸੈਨਾਪਤੀ ਤੋਂ ਕੁਝ ਪੁੱਛ ਰਹੇ ਹਨ। ਉਹ ਬੋਲਦਾ ਆ ਰਿਹਾ ਹੈ, "ਹੁਣ ਸੂਬੇ ਦੇ ਹਾਲਾਤ ਬਿਲਕੁਲ ਸਾਡੇ ਕਾਬੂ ਹੇਠ ਹਨ। ਸ. ਬੇਅੰਤ ਸਿੰਘ ਜੀ ਦੀ ਮਰਜ਼ੀ ਤੋਂ ਬਗੈਰ ਪੱਤਾ ਵੀ ਨਹੀਂ ਹਿੱਲ ਸਕਦਾ"

ਇਕ ਇਲਾਹੀ ਆਵਾਜ਼ ਕੰਨੀ ਪੈਂਦੀ ਹੈ,

"ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ ॥"

ਪਰ ਉਹ ਬੋਲਣਾ ਜਾਰੀ ਰੱਖਦਾ ਹੈ, "ਅੱਤਵਾਦੀਆਂ ਨੂੰ ਪੂਰੀ ਤਰ੍ਹਾਂ ਮਸਲ ਦਿੱਤਾ ਗਿਆ ਹੈ। ਹੁਣ ਉਹ ਕੋਈ ਗੜਬੜ ਨਹੀਂ ਕਰ ਸਕਦੇ,

ਹੁਣ ਪੰਜਾਬ......" ਉਹ ਪੱਤਰਕਾਰਾਂ ਨਾਲ ਗੱਲਬਾਤ ਕਰਦਾ ਹੌਲੀ ਹੌਲੀ ਤੁਰ ਰਿਹਾ ਹੈ।

ਬੇਅੰਤਾ ਉਸ ਤੋਂ ਕਾਫੀ ਅੱਗੇ ਨਿਕਲ ਜਾਂਦਾ ਹੈ ਤੇ ਆਪਣੀ ਕਾਰ ਕੋਲ ਪਹੁੰਚ ਜਾਂਦਾ ਹੈ।

ਏਧਰ ਸੈਨਾਪਤੀ ਦੀਆਂ ਸ਼ੇਖੀਆਂ ਜਾਰੀ ਹਨ, "ਜੇ ਕਿਸੇ ਅੱਤਵਾਦੀ ਜਥੇਬੰਦੀ ਦੇ ਰਹਿੰਦ ਖੂੰਹਦ ਅੱਤਵਾਦੀ ਬਚੇ ਵੀ ਹਨ, ਉਹ ਵਿਦੇਸ਼ਾਂ ਵਿਚ ਭੱਜ ਗਏ ਹਨ ਤੇ ਉਹਨਾਂ ਨੇ ਉੱਥੇ ਸ਼ਰਨ ਲੈ ਲਈ ਹੈ। ਹੁਣ ਉਹਨਾਂ ਦੀ ਮਜਾਲ ਨਹੀਂ ਕਿ ਛੇਤੀ ਪੰਜਾਬ ਮੁੜ ਸਕਣ। ਹੁਣ ਸਭ ਕੁਝ ਠੀਕ........."

ਅਗਲੀ ਗੱਲ ਅਜੇ ਗਿੱਲ ਦੇ ਮੂੰਹ ਵਿਚ ਹੀ ਸੀ ਕਿ ਇਕ ਬਹੁਤ ਹੀ ਜਬਰਦਸਤ ਧਮਾਕਾ ਹੁੰਦਾ ਹੈ। ਏਨਾ ਜਬਰਦਸਤ ਕਿ ਜਿਹੜੀਆਂ ਪੌੜੀਆਂ 'ਤੇ ਗਿੱਲ ਹੋਰੀਂ ਤੁਰੇ ਆਉਂਦੇ ਹਨ ਉਹਨਾਂ ਵਿਚ ਵੀ ਤਰੇੜਾਂ ਪੈ ਜਾਂਦੀਆਂ ਹਨ। ਸਕੱਤਰੇਤ ਦੇ ਸ਼ੀਸ਼ੇ ਤਰੇੜੇ ਜਾਂਦੇ ਹਨ। ਸਭ ਘੜੀਆਂ ਸਵਾ ਪੰਜ ਵਜੇ 'ਤੇ ਰੁਕ ਜਾਂਦੀਆਂ ਹਨ। ਧਮਾਕਾ ਸੁਣ ਕੇ ਗਿੱਲ ਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਧਰਤੀ ਪਾਟ ਰਹੀ ਹੋਵੇ। ਜਦੋਂ ਉਹ ਪੌੜੀਆਂ ਵੱਲ ਵੇਖਦਾ ਹੈ ਤਾਂ ਸਚੁਮੱਚ ਧਰਤੀ ਉਸ ਨੂੰ ਪਾਟਦੀ ਲੱਗਦੀ ਹੈ। ਉਹ ਵਾਪਸ ਉੱਪਰ ਵੱਲ ਨੂੰ ਭੱਜਦਾ ਹੈ।

ਕੁਝ ਸਮਾਂ ਬਾਅਦ ਖ਼ਬਰ ਆ ਜਾਂਦੀ ਹੈ ਕਿ ਮੁੱਖ ਮੰਤਰੀ ਬੇਅੰਤ ਸਿਹੁੰ ਸਕੱਤਰੇਤ ਵਿਖੇ ਇਕ ਜਬਰਦਸਤ ਬੰਬ ਧਮਾਕੇ ਵਿਚ ਹਲਾਕ।

ਕੁਝ ਪੱਤਰਕਾਰ ਵੀ ਗਿੱਲ ਦੇ ਮਗਰ ਹੀ ਦੌੜਦੇ ਹਨ। ਉਹ ਸਾਹੋ ਸਾਹ ਹੋਇਆ ਪਿਆ ਹੈ। ਮੁੜਕਾ ਚਿਊਂ ਰਿਹਾ ਹੈ। ਖ਼ਬਰ ਸੁਨਨ ਤੋਂ ਬਾਅਦ ਪੱਤਰਕਾਰ ਉਸ ਦੇ ਨੇੜੇ ਆਉਣੇ ਸ਼ੁਰੂ ਹੋ ਜਾਂਦੇ ਹਨ। ਇੱਕ ਪੱਤਰਕਾਰ ਜੇਰਾ ਕਰਕੇ ਪੁੱਛਦਾ ਹੈ, "ਜਨਾਬ ਕੀ ਖਾੜਕੂਆਂ ਬਾਰੇ ਅਜੇ ਵੀ ਤੁਹਾਡਾ ਉਹੀ ਜਵਾਬ ਹੈ ਜੋ ਅੱਧਾ ਘੰਟਾ ਪਹਿਲਾਂ ਸੀ...... ਕੀ ਸਾਰੇ ਖਾੜਕੂ ਸਿੰਘ ਖਤਮ ਕਰ ਦਿੱਤੇ ਗਏ ਹਨ?....."

ਗਿੱਲ ਕੁਝ ਨਹੀਂ ਬੋਲਦਾ। ਬੋਲ ਵੀ ਕੀ ਸਕਦਾ ਸੀ। ਉਹ ਤਾਂ ਧੁਰ ਅੰਦਰ ਤੱਕ ਕੰਬ ਗਿਆ ਸੀ।

----●----

ਜਕਰੀਆਂ ਖਾਨ ਨੂੰ ਸੋਚਦੇ ਸੋਚਦੇ ਨਾਦਰ ਸ਼ਾਹ ਦੇ ਸ਼ਬਦ ਯਾਦ ਆਉਂਦੇ ਹਨ, "ਜੇ ਇਹ ਕੌਮ ਸਚੁਮੱਚ ਉਸੇ ਤਰ੍ਹਾਂ ਦੀ ਹੈ ਜੈਸਾ ਕਿ ਤੁਸੀਂ ਦੱਸਿਆ ਹੈ ਤਾਂ ਯਾਦ ਰੱਖਿਓ ਇੱਕ ਦਿਨ ਇਹ ਕੌਮ ਰਾਜ ਭਾਗ ਦੀ ਮਾਲਕ ਬਣੇਗੀ"। ਜਕਰੀਆਂ ਖਾਨ ਨੂੰ ਇਹਨਾਂ ਸ਼ਬਦਾਂ ਨੂੰ ਯਾਦ ਕਰਕੇ ਕੰਬਣੀ ਜਹੀ ਛਿੜ ਜਾਂਦੀ ਹੈ। ਉਹ ਮੁੜ ਸੋਚਦਾ ਹਾਂ, "ਸ਼ਾਇਦ ਇਹ ਕੌਮ ਕਦੇ ਖਤਮ ਨਹੀਂ ਹੋਵੇਗੀ"

----●-----

ਗਿੱਲ ਦੇ ਦਿਮਾਗ ਵਿਚ ਵੀ ਵਾਵਰੋਲੇ ਚੱਲ ਰਹੇ ਹਨ, "ਕੀ ਅਸੀਂ ਕਦੇ ਇਸ ਲਹਿਰ ਨੂੰ ਦਾਬ ਸਕਾਂਗੇ?...... ਕੀ ਸਾਰੇ ਅੱਤਵਾਦੀ ਮਾਰੇ ਜਾ ਸਕਣਗੇ?...... ਅਸੀ ਜ਼ੁਲਮ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਪਰ ਇਹ ਤਾਂ ਮੁੱਕਦੇ ਹੀ ਨਹੀਂ...... ਝੂਠੇ ਮੁਕਾਬਲੇ ਬਣਾ ਕੇ ਇਹਨਾਂ ਨੂੰ ਪਨਾਹਾਂ ਦੇਣ ਵਾਲਿਆਂ ਦੇ ਵੀ ਹਜ਼ਾਰਾਂ ਪਰਿਵਾਰ ਮਾਰ ਦਿੱਤੇ...... ਪਰ ਇਹ ਤਾਂ ਅੱਜ ਸਾਡੇ ਘਰ ਆ ਕੇ ਸਾਨੂੰ ਮਾਰਨ ਲੱਗੇ ਹਨ...... ਕੀ ਹੁਣ ਮੇਰਾ ਨੰਬਰ ਲੱਗੇਗਾ?...... ਨਹੀਂ ਇੰਝ ਨੀਂ ਹੋ ਸਕਦਾ...... ਨਹੀਂ"

ਦੂਰੋਂ ਕਿਤੋਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ,
"ਦਿਲਾਵਰ ਸਿੰਘ ਯੋਧੇ ਨੇ ਕੀਤੀ ਪੰਥ ਲਈ ਕੁਰਬਾਨੀ,
ਪਾਪੀ ਨੂੰ ਸੋਧਣ ਲਈ ਲੇਖੇ ਲਾ ਗਿਆ ਆਪ ਜਵਾਨੀ,
ਚੰਡੀਗੜ੍ਹ ਜਾ ਕੇ ਸੀ ਜਿਸ ਨੇ ਭੋਗ ਬੇਅੰਤ ਦਾ ਪਾਤਾ,
ਹੈ ਬੇਅੰਤੇ ਪਾਪੀ ਨੂੰ ਬੱਬਰਾਂ ਬੰਬ ਦੇ ਨਾਲ ਉਡਾਤਾ......
ਸੀ ਬੇਅੰਤੇ ਪਾਪੀ ਨੇ ਚੁਣ ਚੁਣ ਗੱਭਰੂ ਸਿੰਘ ਮਰਵਾਏ
ਲਾਸ਼ਾਂ ਵੀ ਦਿੱਤੀਆਂ ਨਾ ਐਸੇ ਇਸ ਨੇ ਕਹਿਰ ਕਮਾਏ,
ਸਤਿਗੁਰ ਦੇ ਸਿਖਾਂ ਨੇ ਅੱਕ ਕੇ ਇਉਂ ਭਾਣਾ ਵਰਤਾਤਾ,
ਹੈ ਬੇਅੰਤੇ ਪਾਪੀ ਨੂੰ ਬੱਬਰਾਂ ਬੰਬ ਦੇ ਨਾਲ ਉਡਾਤਾ......

"ਨੁਕਸਾਨ"

ਮੈਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪ੍ਰਕਰਮਾਂ ਵਿਚ ਬੈਠਾ ਸੀ। ਗੁਰਬਾਣੀ ਸਰਵਣ ਕਰ ਰਿਹਾ ਸੀ ਤੇ ਨਾਲ ਹੀ ਸਮਝਣ ਦਾ ਯਤਨ ਵੀ ਕਰ ਰਿਹਾ ਸੀ। ਰਾਗੀ ਸਿੰਘ ਸ਼ਬਦ ਗਾਇਣ ਕਰ ਰਹੇ ਸਨ,

"ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥"

ਸੰਗਤ ਦਾ ਆਉਂਣ ਜਾਣ ਲਗਾਤਾਰ ਜਾਰੀ ਸੀ। ਸਭ ਕੁਝ ਬੜਾ ਸ਼ਾਤ ਸੀ। ਮਨ ਨੂੰ ਬੜਾ ਅਨੰਦ 'ਤੇ ਸਕੂਨ ਮਿਲ ਰਿਹਾ ਸੀ।

ਪ੍ਰਕਰਮਾਂ ਵਿਚ ਮੇਰੇ ਇਕ ਪਾਸੇ ਇਕ ਬੁੱਢੀ ਮਾਈ ਬੈਠੀ ਸੀ। ੭੦ ਕੁ ਸਾਲ ਦੇ ਕਰੀਬ ਉਮਰ ਹੋਵੇਗੀ ਉਸਦੀ। ਪ੍ਰਕਰਮਾਂ ਦੀ ਕੰਧ ਨਾਲ ਮਾਈ ਨੇ ਢੋਅ ਲਾਈ ਹੋਈ ਸੀ ਤੇ ਸਿਰ ਨੀਵਾਂ ਕੀਤਾ ਹੋਇਆ ਸੀ। ਮੈਨੂੰ ਉਸਦਾ ਚਿਹਰਾ ਨਜ਼ਰ ਨਹੀਂ ਆ ਰਿਹਾ ਸੀ। ਪਰ ਪਤਾ ਨਹੀਂ ਕਿਉਂ ਮੈਨੂੰ ਉਹ ਮਾਤਾ ਜਾਣੀ ਪਛਾਣੀ ਲੱਗਦੀ ਸੀ। ਇੰਝ ਲੱਗਦਾ ਸੀ ਜਿਵੇਂ ਉਹ ਕੁਝ ਥੱਕੀ ਹੋਈ ਹੋਵੇ। ਮੈਂ ਅਜੇ ਮਾਤਾ ਬਾਰੇ ਸੋਚ ਹੀ ਰਿਹਾ ਸੀ ਕਿ ਮੇਰੇ ਨਾਲ ਦੂਜੇ ਪਾਸੇ ਦੋ ਲਾਲੇ ਆ ਕੇ ਬੈਠ ਗਏ, ਜਾਂ ਕਹਿ ਲਉ ਜਿਵੇਂ ਕੋਈ ਹਫ ਕੇ ਡਿੱਗਦਾ ਹੈ, ਉਵੇਂ ਡਿੱਗ ਪਏ। ਇਕ ਸਾਹੋ ਸਾਹ ਹੋਇਆ ਇਕ ਪਾਈਪ ਜਹੀ (ਇਨਹਿਲਰ) ਨਾਲ ਸਾਹ ਲੈਂਦਾ ਹੋਇਆ ਬੋਲਿਆ,

"ਮੈਂ ਤੈਨੂੰ ਕਿਹਾ ਸੀ ਨਾ ਕਿਸ਼ੋਰੀ ਲਾਲ........, ਹੂ........ਬਈ ਇਹ ਪ੍ਰਕਰਮਾਂ ਜੀ ਬਹੁਤ ਵੱਡੀ ਐ......,ਆਪਾਂ ਸਾਰਾ ਚੱਕਰ ਨਾ ਲਾਈਏ.......ਹੂ......, ਪਰ ਤੂੰ ਮੰਨਿਆਂ ਨਹੀਂ......, ਹੂ...... ਹੂ...... ਹੁਣ ਵੇਖਲਾ ਕਿਵੇਂ ਸਾਹੋ ਸਾਹ ਹੋਏ ਬੈਠੇ ਹਾਂ......."

"ਓ ਮੈਨੂੰ ਕੀ ਪਤਾ ਸੀ ਤੁਲਸੀ ਰਾਮਾਂ......ਹਅ...... ਬਈ ਆਪਾਂ ਬੁੱਢੇ ਹੋ ਗਏ ਹਾਂ....... ਹਅ........ ਮੈਂ ਤਾਂ ਕਿਹਾ ਚੱਲ ਨਾਲੇ 'ਐਕਸਰਸਾਈਜ਼' ਹੋ ਜਊ....... ਹਅ........ ਤੇ ਨਾਲੇ ਏਨੇ ਚਿਰ ਬਾਅਦ ਆਏ ਆਂ ਸਾਰਾ ਆਲਾ ਦੁਆਲਾ ਵੇਖਲਾਂਗੇ........ਹਅ......."

ਇਹਨਾਂ ਦੀਆਂ ਗੱਲਾਂ ਤੋਂ ਮੈਨੂੰ ਇੰਝ ਪ੍ਰਤੀਤ ਹੋਇਆ, ਬਈ ਜਿਵੇਂ ਲਾਲਾ ਤੁਲਸੀ ਰਾਮ ਇੱਥੋਂ ਦੇ ਰਹਿਣ ਵਾਲਾ ਈ ਸੀ ਤੇ ਕਿਸ਼ੋਰੀ ਲਾਲ ਕਿਤੋਂ ਬਾਹਰੋਂ ਆਇਆ ਸੀ ਤੇ ਉਹ ਕਾਫੀ ਦੇਰ ਬਾਅਦ ਏਥੇ ਆਇਆ ਸੀ। ਥੋੜਾ ਸਾਹ ਲੈ ਕੇ ਉਹਨਾਂ ਨੇ ਆਪਣੀਆਂ ਗੱਲਾਂ ਮੁੜ ਸ਼ੁਰੂ ਕੀਤੀਆਂ। ਮੈਂ ਉਹਨਾਂ ਤੋਂ ਕੁਝ ਕੁ ਦੂਰ ਬੈਠਾ ਸੀ ਤੇ ਮੈਂ ਉਹਨਾਂ ਵੱਲ ਧਿਆਨ ਵੀ ਨਹੀਂ ਕੀਤਾ, ਪਰ ਫਿਰ ਵੀ ਉਹਨਾਂ ਦੀਆਂ ਸਾਰੀਆਂ ਗੱਲਾਂ ਮੈਨੂੰ ਸੁਣ ਰਹੀਆਂ ਸਨ।

"ਵੇਖ ਲੈ ਬਈ ਤੁਲਸੀ ਰਾਮ....... ਇਹ ਸਾਰਾ ਕੁਝ 'ਕੇਰਾਂ ਤਾਂ ਖੰਡਰ ਬਣਾਤਾ ਸੀ ਸ਼੍ਰੀਮਤੀ ਇੰਦਰਾ ਗਾਂਧੀ ਨੇ। ਓਦੋਂ ਤਾਂ ਆਏਂ ਲੱਗਦਾ ਸੀ ਬਈ ਹੁਣ ਨਹੀਂ ਸਦੀਆਂ ਤੱਕ ਸਿਖ ਸਿਰ ਚੁੱਕ ਸਕਣਗੇ...... ਪਰ ਵੇਖਲਾ ੨੦-੨੫ ਸਾਲਾਂ 'ਚੀ ਸਾਰਾ ਕੁਝ ਮੁੜ ਉਸਾਰ ਲਿਐ ਇਹਨਾਂ ਨੇ।" ਥੋੜੀ ਦੇਰ ਰੁਕ ਕੇ ਉਹ ਮੁੜ ਬੋਲਿਆ, "ਔਹ ਉਹੀ ਤਖਤ ਐ ਨਾ ਜਿੱਥੇ 'ਭਿੰਡਰਾਂਵਾਲਾ' ਰਹਿੰਦਾ ਹੁੰਦਾ ਸੀ....."

"ਹਾਂ ਉਹੀ ਐ" ਤੁਲਸੀ ਰਾਮ ਨੇ ਜਵਾਬ ਦਿੱਤਾ।

"ਵੇਖਲਾ ਬਈ...... ਓਦੂੰ ਸੋਹਣਾ ਬਣਾ ਲਿਐ ਸਿਖਾਂ ਨੇ...... ਓਦੂੰ ਵੀ ਸ਼ਾਨਦਾਰ, ਸੱਚ ਪੁੱਛੇਂ ਤਾਂ ਤੁਲਸੀ ਰਾਮ ਪਤਾ ਨਹੀਂ ਕਿਉਂ ਮੈਨੂੰ ਇਹ ਤਖਤ ਬਹੁਤ ਚੁੱਭਦੈ, ਹਮੇਸ਼ਾਂ ਮੈਨੂੰ ਇਹ ਲਾਲ ਕਿਲ੍ਹੇ ਮੂਹਰੇ ਹਿੱਕ ਤਾਣ ਕੇ ਖੜਾ ਮਹਿਸੂਸ ਹੁੰਦੈ ਤੇ ਇਹਦੇ 'ਤੇ ਝੂਲਦਾ ਸਿਖਾਂ ਦਾ ਆਹ ਝੰਡਾ ਹਮੇਸ਼ਾਂ ਮੈਨੂੰ ਤਿਰੰਗੇ ਤੋਂ ਉਚਾ ਲੱਗਦੈ"

"ਇਹ ਤਾਂ ਤੇਰੀ ਗੱਲ ਠੀਕ ਐ ਕਿਸ਼ੋਰੀ, ਪਰ ਇਹਨਾਂ ਦੀ ਅਸਲ ਤਾਕਤ ਤਾਂ ਇਹਨਾਂ ਦਾ 'ਗ੍ਰੰਥ' ਐ" ਤੁਲਸੀ ਰਾਮ ਨੂੰ ਜਿਵੇਂ ਪਤਾ ਸੀ ਕਿ ਤਾਕਤ ਤਾਂ ਸਿਖ ਨੂੰ 'ਗੁਰਬਾਣੀ' ਹੀ ਬਖਸ਼ਦੀ ਹੈ।

"ਓ ਹੋਊ ਅਸਲ ਤਾਕਤ 'ਗ੍ਰੰਥ' , ਨਾਲੇ ਕੌਣ ਪੜ੍ਹਦੈ ਓਹਨੂੰ ਤੁਲਸੀ, ਕੋਈ ਵਿਰਲਾ ਟਾਵਾਂ ਸਿਖ ਤੇ ਐਸੇ ਸਿਖ ਦੀ ਕੋਈ ਨਈ ਸੁਣਦਾ। ਸਿਖਾਂ ਵਿਚ ਹੁਣ ਧਨਾਡ 'ਪ੍ਰਧਾਨ' ਨੇ ਤੇ ਇਹਨਾਂ ਸਰਮਾਏਦਾਰ ਸਿਖਾਂ ਵਿਚੋਂ ਕੋਈ ਕਦੇ ਕੋਈ ਇਸ ਨੂੰ ਨਹੀਂ ਪੜਦਾ ਹੋਣਾ ਕਿਉਂਕਿ ਜੇ ਪੜ੍ਹਦੇ ਹੋਣ ਤਾਂ ਠੱਗੀਆਂ ਚੋਰੀਆਂ ਕਰਕੇ ਧਨ ਕਿਉਂ ਇਕੱਠਾ ਕਰਨ....."

ਲਾਲਾ ਬੋਲ ਰਿਹਾ ਸੀ ਤਾਂ ਮੇਰਾ ਧਿਆਨ ਕੀਰਤਨ ਵੱਲ ਗਿਆ, ਸ਼ਬਦ ਚੱਲ ਰਿਹਾ ਸੀ,

"ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ"

"ਬਸ ਮੇਰਾ ਤਾਂ ਤੁਲਸੀ ਰਾਮ ਸਿਰਫ ਓਦੋਂ ਦਿਲ ਡੁੱਬਦੈ ਜਦੋਂ ਇਹ ਇਕੱਠੇ ਹੋ ਕੇ 'ਰਾਜ ਕਰੇਗਾ ਖਾਲਸਾ' ਬੋਲਦੇ ਐ...... ਮੇਰੇ ਦਿਲ 'ਚ ਧੜਕੂ ਜਿਹਾ ਉੱਠਦੈ ਤੇ ਮੈਨੂੰ ਪਿਛਲਾ ਸਭ ਕੁਝ ਚੇਤੇ ਆਉਣ ਲੱਗਦੈ"

ਇਹਨਾਂ ਦੋਹਾਂ ਲਾਲਿਆਂ ਦੀਆਂ ਗੱਲਾਂ ਤੋਂ ਮੈਨੂੰ ਇੰਝ ਲੱਗਿਆ ਜਿਵੇ ਇਹ ਦੋਵੇਂ ਸਿਖਾਂ ਨੂੰ ਦੁਸ਼ਮਨ ਸਮਝਦੇ ਹੋਣ ਤੇ ਮੈਨੂੰ ਲੱਗਿਆ ਕਿ ਇਸ ਨਫਰਤ ਦਾ ਕੋਈ ਕਾਰਨ ਵੀ ਹੋਵੇਗਾ। ਸ਼ਾਇਦ ਖਾੜਕੂਵਾਦ ਵੇਲੇ ਇਹਨਾਂ ਦਾ ਕੁਝ ਨੁਕਸਾਨ........., ਮੈਂ ਅਜੇ ਸੋਚ ਹੀ ਰਿਹਾ ਸੀ ਕਿ ਉਹਨਾਂ ਵਿਚੋਂ ਇਕ ਨੇ ਬੋਲਣਾ ਸ਼ੁਰੂ ਕੀਤਾ।

"ਤੈਨੂੰ ਯਾਦ ਐ ਕਿਸ਼ੋਰੀ? ਆਪਣੀ ਕੱਪੜੇ ਦੀ ਦੁਕਾਨ, ਹਜ਼ਾਰਾਂ-ਲੱਖਾਂ ਦਾ ਕਾਰੋਬਾਰ, ਹਰ ਰੋਜ਼ ਦੇ ਸੈਂਕੜੇ ਗਾਹਕ। ਕਿੰਨੀਆਂ ਖੁਸ਼ੀਆਂ ਹੁੰਦੀਆਂ ਸਨ ਓਦੋਂ......"

"ਕੁਝ ਨਹੀਂ ਭੁੱਲਿਆ ਭਰਾਵਾ, ਸਭ ਕੁਝ ਯਾਦ ਐ। ਪੰਜਾਂ ਦੁਕਾਨਾਂ ਜਿੱਡੀ ਆਪਣੀ ਇਕ ਦੁਕਾਨ, ਲੱਖਾਂ ਦਾ ਕੱਪੜਾ ਤੇ...... ਤੇ...... ਸਭ ਕੁਝ ਪਲਾਂ ਵਿਚ ਸਵਾਹ...... ਕੁਝ ਨਹੀਂ ਭੁੱਲਿਆ।"

ਉਹ ਦੋਵੇਂ ਕੁਝ ਚਿਰ ਲਈ ਚੁੱਪ ਹੋ ਗਏ। ਮੈਨੂੰ ਹੁਣ ਤੱਕ ਇਹ ਪਤਾ ਲੱਗ ਚੁੱਕਾ ਸੀ ਕਿ ਉਹ ਦੋਵੇਂ ਸਕੇ ਭਰਾ ਸਨ ਤੇ ਉਹਨਾਂ ਦਾ ਪੁਰਾਣਾ ਕੋਈ ਕੱਪੜੇ ਦਾ ਕਾਰੋਬਾਰ ਸੀ ਜਿਸ ਦਾ ਨੁਕਸਾਨ ਹੋ ਗਿਆ ਸੀ। ਪਰ ਕਿਵੇਂ.........? ਮੇਰੀ ਜਾਨਣ ਦੀ ਇੱਛਾ ਵਧ ਰਹੀ ਸੀ। ਏਧਰ ਮਾਤਾ ਉਸੇ ਤਰ੍ਹਾਂ ਸਿਰ ਨੀਵਾਂ ਕਰਕੇ 'ਗੁਰਬਾਣੀ' ਸਰਵਣ ਕਰ ਰਹੀ ਸੀ।

"ਤੁਲਸੀ...... ਕੀ ਤੈਨੂੰ ਅੱਜ ਤੱਕ ਕੁਝ ਪਤਾ ਨਈ ਲੱਗਾ ਕਿ ਉਹ ਅੱਗ ਕਿਸ ਨੇ ਲਗਾਈ ਸੀ...... ਕਿਸ ਨੇ ਸਾਡਾ ਵਸਦਾ ਰਸਦਾ ਸੰਸਾਰ ਉਜਾੜਿਆ ਸੀ......... ਕੀ ਕੋਈ ਸੂਹ ਨਹੀਂ ਮਿਲੀ ਉਸਦੀ ਜਿਸ ਨੇ ਸਾਡਾ ਏਨਾ ਨੁਕਸਾਨ ਕੀਤਾ ਸੀ......?"

"ਤੈਨੂੰ ਦੱਸਿਆ ਨੀ ਦੁਰਗਾ ਭਾਬੀ ਨੇ, ਮੈਂ ਤਾਂ ਉਸ ਨੂੰ ਦੱਸ ਦਿੱਤਾ

ਜੀ ਸਭ ਕੁਝ......?"

"ਉਸ ਨੇ ਤਾਂ ਮੈਨੂੰ ਕੁਝ ਨਹੀਂ ਦੱਸਿਆ...... ਕੀ ਕੁਝ ਪਤਾ ਲੱਗ ਗਿਆ ਸੀ?" ਕਿਸ਼ੋਰੀ ਹੈਰਾਨੀ ਨਾਲ ਬੋਲਿਆ।

"ਸ਼ਾਇਦ ਉਸ ਨੇ ਸੋਚਿਆ ਹੋਣੈ ਬੀ ਤੁਸੀਂ ਪਹਿਲਾਂ ਹੀ ਏਨੇ ਪ੍ਰੇਸ਼ਾਨ ਰਹਿੰਦੇ ਹੋ, ਐਵੇਂ ਹੋਰ ਦੁਖੀ ਹੋਵੋਗੇ, ਨਾਲੇ ਕੋਈ ਬਹੁਤਾ ਚਿਰ ਨ੍ਹੀ ਹੋਇਆ ਥੋੜ੍ਹਾ ਚਿਰ ਪਹਿਲਾਂ ਈ ਪਤਾ ਲੱਗਿਐ ਸਾਰਾ ਕੁਝ"

"ਉਹ ਦੁੱਖ...... ਉਹ 'ਨੁਕਸਾਨ' ਤਾਂ ਮੈਨੂੰ ਸਾਰੀ ਉਮਰ ਨਈਂ ਭੁੱਲਣਾ ਤੁਲਸੀ, ਪਰ ਤੂੰ ਦੱਸ ਤਾਂ ਸਹੀ" ਕਿਸ਼ੋਰੀ ਸਭ ਕੁਝ ਜਾਨਣਾ ਚਾਹੁੰਦਾ ਸੀ।

"ਤੈਨੂੰ ਯਾਦ ਹੈ ਜਦੋਂ ਜੂਨ ੮੪ ਵਿਚ ਹਮਲੇ ਤੋਂ ਬਾਅਦ ਆਪਾਂ ਖੁਸ਼ੀ ਵਿਚ ਆਪਣੀ ਦੁਕਾਨ ਦੇ ਬਾਹਰ ਭਾਰਤੀ ਫੌਜੀਆਂ ਲਈ ਲੱਡੂ ਅਤੇ ਛੋਲੇ ਭਟੂਰੇ ਬਣਾ ਰਹੇ ਸੀ...... ਤਾਂ ਇਕ ਭੱਜਿਆ ਆਉਂਦਾ ਸਿਖ ਮੁੰਡਾ ਬਾਊ ਜੀ ਵਿਚ ਵੱਜਿਆ ਸੀ......"

"ਹਾਂ, ਹਾਂ ਮੈਨੂੰ ਸਭ ਯਾਦ ਹੈ......, ਉਹ ਖਿੱਲਰੇ ਜਹੇ ਵਾਲਾਂ ਵਾਲਾ ਮੁੰਡਾ ਅੰਨ੍ਹੇਵਾਹ ਭੱਜਿਆ ਆਉਂਦਾ ਬਾਊ ਜੀ ਵਿਚ ਵੱਜਿਆ ਸੀ ਤੇ ਬਾਊ ਜੀ ਤੇਲ ਵਾਲੇ ਕੜਾਹੇ ਵਿਚ ਡਿਗਦੇ ਆਪਾਂ ਬਚਾਏ ਸਨ। ਪਰ ਬਚਾਂਦੇ ਬਚਾਂਦੇ ਵੀ ਬਾਊ ਜੀ ਦਾ ਇਕ ਪਾਸਾ ਸਾਰਾ ਗਰਮ ਤੇਲ ਨਾਲ ਝੁਲਸ ਗਿਆ ਸੀ........"

"ਹਾਂ, ਉਹੀ ਮੁੰਡਾ...... ਅਸਲ ਵਿਚ ਉਹ ਕੋਈ ਆਮ ਮੁੰਡਾ ਨਹੀਂ ਸੀ ਬਹੁਤ 'ਖਤਰਨਾਕ ਅੱਤਵਾਦੀ' ਸੀ। ਆਪਾਂ ਸੋਚਿਆ ਕਿ ਉਸ ਦੇ ਮਗਰ ਭੱਜੇ ਜਾਂਦੇ ਫੌਜੀਆਂ ਨੇ ਉਸ ਨੂੰ ਮਾਰ ਦਿੱਤਾ ਹੋਵੇਗਾ...... ਪਰ ਉਹ ਬਚ ਗਿਆ ਸੀ। ਉਸ ਨੇ ਭੱਜੇ ਜਾਂਦੇ ਨੇ ਆਪਾਂ ਨੂੰ ਲੱਡੂ ਵੰਡਦੇ ਵੇਖ ਲਿਆ ਸੀ ਤੇ ਆਪਣੀ ਦੁਕਾਨ ਵੀ ਪਛਾਣ ਲਈ ਸੀ........ ਬਸ ਕਹਿੰਦੇ ਨੇ ਉਸੇ 'ਅੱਤਵਾਦੀ' ਨੇ ਏਸ ਗੁੱਸੇ ਵਿਚ ਕਿ ਇਹਨਾਂ ਨੇ ਹਮਲੇ ਦੀ ਖੁਸ਼ੀ ਵਿਚ ਲੱਡੂ ਵੰਡੇ ਸਨ, ਆਪਣੀ ਦੁਕਾਨ ਸਾੜ ਦਿੱਤੀ ਸੀ......"

"ਹੈਅ ਤੇਰਾ ਕੱਖ ਨਾ ਰਹੇ ਦੁਸ਼ਟਾ...... ਅਸੀਂ ਤੇਰਾ ਕੀ ਵਿਗਾੜਿਆ ਸੀ...... ਲੱਡੂ ਜਲੇਬੀਆਂ ਤਾਂ ਸ਼ਹਿਰ ਦੇ ਕਈ ਹਿੰਦੂ ਪਰਿਵਾਰਾਂ ਨੇ ਵੰਡੇ ਸਨ...... ਫੇਰ ਸਾਨੂੰ ਹੀ ਕਿਉਂ...... ਬਾਊ ਜੀ ਓਸ ਘਟਨਾਂ ਤੋਂ ਪਿੱਛੋਂ

ਸਦਮੇਂ ਨਾਲ ਕਦੇ ਮੰਜੇ ਤੋਂ ਨਹੀਂ ਉੱਠੇ...... ਵੇਖਲਾ ਤੁਲਸੀ ਅੱਜ ਨੂੰ ਆਪਣਾ ਕਾਰੋਬਾਰ ਅਰਬਾਂ ਦਾ ਹੋਣਾ ਸੀ......... ਜੇ ਇਕੱਲੀ ਦੁਕਾਨ ਦੀ ਕੀਮਤ ਹੀ ਵੇਖਣੀ ਹੋਵੇ ਤਾਂ ੮-੧੦ ਕਰੋੜ ਤੋਂ ਘੱਟ ਨਹੀਂ ਹੋਣੀ ਸੀ......"

"ਚੱਲ ਛੱਡ ਕਿਸ਼ੋਰੀ ਹੁਣ ਪੁਰਾਣੀਆਂ ਗੱਲਾਂ ਨੂੰ, ਐਵੇਂ ਜਖ਼ਮ ਹਰੇ ਹੋਣਗੇ......, ਓਸ 'ਨੁਕਸਾਨ' ਦੀ ਭਰਪਾਈ ਨੀ ਕਦੇ ਹੋ ਸਕਦੀ, ਚੱਲ ਉੱਠ ਦਿਲ ਹੌਲਾ ਨਾ ਕਰ, ਚੱਲ ਘਰ ਨੂੰ ਚੱਲੀਏ" ਦੋਹਾਂ ਦੀਆਂ ਅੱਖਾਂ ਵਿਚ ਹੰਝੂ ਸਨ।

"ਸੱਚ ਪੁੱਛੇ ਨਾ ਤੁਲਸੀ ਤਾਂ ਇਹ ਥਾਂ ਵੀ ਮੈਨੂੰ ਹੁਣ ਵਿਹੁ ਵਰਗੀ ਲੱਗਣ ਲੱਗ ਪਈ ਹੈ...... ਚੱਲ ਛੇਤੀ ਏਥੋਂ ਚੱਲੀਏ"

ਜਾਂਦੇ ਜਾਂਦੇ ਲਾਲੇ ਕਿਸ਼ੋਰੀ ਨੇ 'ਅਕਾਲ ਤਖ਼ਤ ਸਾਹਿਬ' ਨੂੰ ਬੜੇ ਭੈੜੇ ਤਰੀਕੇ ਨਾਲ ਵੇਖਿਆ। ਜਿਵੇਂ ਕੋਈ ਕਿਸੇ ਪੁਰਾਣੇ 'ਦੁਸ਼ਮਨ' ਨੂੰ ਦੂਰੋਂ ਵੇਖਦਾ ਹੈ। ਉਹ ਤਾਂ ਚਲੇ ਗਏ, ਪਰ ਮੈਨੂੰ ਉਹਨਾਂ ਦੋਹਾਂ 'ਤੇ ਅੰਦਰੋ ਅੰਦਰੀ ਬਹੁਤ ਗੁੱਸਾ ਚੜ੍ਹ ਰਿਹਾ ਸੀ। 'ਦਰਬਾਰ ਸਾਹਿਬ' 'ਅਕਾਲ ਤਖ਼ਤ ਸਾਹਿਬ' ਅਤੇ ਪੂਰੀ ਸਿਖ ਕੌਮ ਦੇ ਕਦੇ ਨਾ ਪੂਰੇ ਹੋਣ ਵਾਲੇ 'ਨੁਕਸਾਨ' 'ਤੇ ਲੱਡੂ ਵੰਡਣ ਵਾਲਿਆਂ ਨੂੰ ਆਪਣੀ ਇਕ ਦੁਕਾਨ ਦੇ 'ਨੁਕਸਾਨ' ਦਾ ਕਿੱਡਾ ਗੁਸਾ ਚੜ੍ਹ ਰਿਹਾ ਸੀ। ਜੇ 'ਰੱਬ ਦੇ ਘਰ-ਹਰਿਮੰਦਰ' ਤੇ 'ਰੱਬ ਦੇ ਤਖ਼ਤ-ਅਕਾਲ ਤਖ਼ਤ' ਦੇ ਢਾਹੇ ਜਾਣ 'ਤੇ ਕੋਈ ਖ਼ੁਸ਼ੀ ਮਨਾਵੇ ਤਾਂ ਉਸਦਾ ਆਪਣਾ ਭਲਾ ਕਿੱਥੋਂ ਹੋਵੇਗਾ।

ਖੈਰ ਉਹਨਾਂ ਦੇ ਚਲੇ ਜਾਣ ਤੋਂ ਪਿੱਛੋਂ ਮੇਰਾ ਧਿਆਨ ਦੂਜੇ ਪਾਸੇ ਬੈਠੀ ਮਾਤਾ ਵੱਲ ਗਿਆ। ਉਹ ਸਿਰ ਉਤਾਹ ਚੱਕੀ ਬਿਲਕੁਲ ਸਿੱਧੀ ਹੋਈ ਬੈਠੀ ਸੀ, ਅਕਸਰ ਇਸ ਉਮਰ ਵਿਚ ਬਜ਼ੁਰਗਾਂ ਦੀ ਪਿੱਠ ਬਿਲਕੁਲ ਸਿੱਧੀ ਨਹੀਂ ਹੁੰਦੀ, ਪਰ ਉਸ ਮਾਤਾ ਵਿਚ ਪਤਾ ਨਹੀਂ ਕਿੱਥੋਂ ਅੰਤਾਂ ਦਾ ਜੋਰ ਆ ਗਿਆ ਸੀ ਉਹ ਚੌਕੜਾ ਮਾਰੀ ਸਰੀਰ ਅਕੜਾ ਕੇ ਬੈਠੀ ਸੀ। ਉਸਦਾ ਚਿਹਰਾ ਝੁਰੜੀਆਂ ਨਾਲ ਭਰਿਆ ਹੋਇਆ ਸੀ ਪਰ ਥੱਕਿਆ ਹਰਗਿਜ਼ ਨਹੀਂ ਸੀ ਜਿਵੇਂ ਮੈਨੂੰ ਪਹਿਲਾਂ ਪ੍ਰਤੀਤ ਹੋਇਆ ਸੀ। ਮੈਂ ਉਸ ਨੂੰ ਜਾਣਦਾ ਸੀ ਤੇ ਪਛਾਣਦਾ ਵੀ ਸੀ। ਇਹ ਉਹੀ ਵੱਡੇ ਜੇਰੇ ਵਾਲੀ ਮਾਤਾ ਸੀ 'ਨੂਰੀ'।

ਜੀ ਜਲਾਂ ਵਾਲੀ 'ਮਾਤਾ ਨੂਰੀ'। ਬਸ਼ੀਰ ਮੁਹੰਮਦ ਉਰਫ ਭਾਈ ਲਛਮਨ ਸਿੰਘ ਨੂੰ ਜੰਮਣ ਵਾਲੀ ਮਾਤਾ 'ਨੂਰੀ'। ਪਰ ਮੈਂ ਹੈਰਾਨ ਸੀ ਕਿ ਇਕਦਮ ਉਸ ਵਿਚ ਐਨਾ ਨੂਰ ਕਿਵੇਂ ਆ ਗਿਆ ਸੀ ਕਿ ਉਸ ਦੇ ਚਿਹਰੇ ਵੱਲ ਤੱਕਿਆ ਵੀ ਨਹੀਂ ਸੀ ਜਾ ਰਿਹਾ। ਮੈਂ ਵੇਖਿਆ ਕਿ ਉਹ ਥੋੜਾ ਮੁਸਕੁਰਾ ਵੀ ਰਹੀ ਸੀ। ਥੋੜਾ ਧਿਆਨ ਉਸ ਵੱਲੋਂ ਹਟਾ ਕੇ ਜਦ ਮੈਂ ਕੀਰਤਨ ਵਾਲੇ ਪਾਸੇ ਕੀਤਾ ਤਾਂ ਮੈਂ ਸਾਰੀ ਗੱਲ ਸਮਝ ਗਿਆ, ਮੈਨੂੰ ਸ਼ਬਦ ਸੁਣਿਆਂ,

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥"

ਉਸ ਦੀ ਮੁਸਕੁਰਾਹਟ ਅਜੇ ਵੀ ਕਾਇਮ ਸੀ, ਰਾਗੀ ਸਿੰਘ ਗਾਇਨ ਕਰ ਰਹੇ ਸਨ,

"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥"

ਮੈਂ ਲਗਾਤਾਰ ਹੈਰਾਨ ਹੋਈ ਜਾ ਰਿਹਾ ਸੀ ਕਿ ਇਹ ਉਹੀ ਦੁਖਿਆਰੀ ਮਾਤਾ ਸੀ, ਜਿਸਦਾ ਪੁੱਤ ਜਦ 'ਬੱਬਰਾਂ' ਨਾਲ ਰਲ ਗਿਆ ਸੀ ਤਾਂ ਇਸਦੇ ਪਤੀ ਨੂੰ ਚੁੱਕ ਕੇ ਪੁਲਸ ਨੇ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਪਤਾ ਨਹੀਂ ਕਿੰਨੀ ਕੁ ਵਾਰ ਇਸ ਨੂੰ ਵੀ ਥਾਣੇ ਵਾਲੇ ਚੁੱਕ ਕੇ ਲਗਏ ਸਨ। ਫੇਰ ਇਸ ਨੇ ਇਹ ਖਬਰ ਵੀ ਅਡੋਲਤਾ ਨਾਲ ਸੁਣੀ ਕਿ ਕਲਕੱਤੇ ਇਕ ਮੁਕਾਬਲੇ ਵਿਚ ਇਸਦਾ ਪੁੱਤ, ਇਕਲੌਤਾ ਸਹਾਰਾ, ਪੁਲਸ ਨੇ ਮਾਰ ਦਿੱਤਾ ਸੀ......, ਨਾਲ ਹੀ ਇਸ ਦੀ ਬੇਕਸੂਰੀ ਨੂੰਹ ਨੂੰ ਵੀ ਗੋਲੀਆਂ ਨਾਲ ਭੁੰਨ ਦਿੱਤਾ ਸੀ ਤੇ ਉਸ ਦੇ ਪੇਟ ਵਿਚ ਸੱਤ ਮਹੀਨੇ ਦਾ ਬਾਲ...... ਉਸਨੂੰ ਵੀ ਸਰਕਾਰੀ ਗੋਲੀਆਂ ਚੀਰ ਗਈਆਂ ਸਨ।

ਕਿਸੇ ਨੇ ਪੁੱਛਿਆ, "ਮਾਤਾ ਤੇਰਾ ਪੁੱਤ ਮਾਰਤਾ ਸਰਕਾਰ ਨੇ, ਤੂੰ ਕੀ ਕਹਿਣਾ ਚਾਹੁੰਦੀ ਐਂ"

ਤੇ ਇਹ ਅੱਗੋਂ ਬੋਲੀ, 'ਮਰਿਆ ਨੀ ਮੇਰਾ ਪੁੱਤ......, ਸ਼ਹੀਦ ਹੋਇਐ......, ਧਰਮ ਦੀ ਖਾਤਰ......, ਦੇਸ਼ ਦੀ ਖਾਤਰ ਕੁਰਬਾਨ ਹੋਇਐ......। ਸਾਡੇ ਮੁਸਲਮਾਨਾਂ ਵਿਚ ਬੱਕਰੇ ਨੀ ਝਟਕਾ ਦਿੰਦੇ, ਬਲੀ

ਨੀ ਦਿੰਦੇ......, ਮੈਂ ਆਪਣੇ ਪੁੱਤ ਦੀ ਬਲੀ ਦਿੱਤੀ ਐ 'ਖਾਲਸਥਾਨ' ਲਈ। ਹਾਂ ਇਹ ਦੁੱਖ ਮੈਨੂੰ ਜਰੂਰ ਐ, ਬੀ ਏਸ 'ਕੁੱਤੀ ਗੌਰਮਿੰਟ' ਨੇ ਮੇਰੀ ਨਹੱਕੀ ਨੂੰਹ ਤੇ ਓਹਦੇ ਢਿੱਡ ਵਿਚਲਾ ਬੱਚਾ ਕਿਉਂ ਮਾਰਿਆ। 'ਬੱਬਰ' ਇਹਨਾਂ ਦੇ ਭਣੋਈਏ ਐ......... ਉਹਨਾਂ ਦੇ ਮੂਹਰੇ ਨੀ ਹੁੰਦੇ......, ਉਹਨਾਂ ਨਾਲ ਮੱਥਾ ਨੀ ਲਾਉਂਦੇ...... ਸਾਨੂੰ ਤੀਮੀਆਂ ਮਾਨੀਆਂ ਨੂੰ ਤੰਗ ਕਰਦੇ ਐ ਆਵਦੀ ਭੈਣ ਦੇ ਖਸਮ। ਮੇਰਾ ਪੁੱਤ ਜਦ ਕਦੇ ਪਿੰਡ ਆ ਜਾਂਦਾ ਸੀ ਨਾ ਤਾਂ ਚੌਕੀ ਆਲਾ ਥਾਣੇਦਾਰ ਕਹਿੰਦੇ ਨੇ ਥਾਣੇ ਨੂੰ ਅੰਦਰੋਂ ਜਿੰਦਾ ਲਾ ਲੈਂਦਾ ਸੀ। ਜਦ ਮੇਰਾ ਪੁੱਤ ਕੌਡੀ ਪਾਉਂਦਾ ਹੁੰਦਾ ਸੀ ਨਾ ਤਾਂ ਆਸ ਪਾਸ ਦੇ ਬੀਹ-ਪੱਚੀ ਪਿੰਡਾ 'ਚੋਂ ਕੋਈ ਨੀ ਹੁੰਦਾ ਸੀ ਓਹਨੂੰ ਰੋਕਣ ਆਲਾ। ਮੈਨੂੰ ਮਾਣ ਐ ਮੇਰੇ ਸੂਰਮੇ ਪੁੱਤ 'ਤੇ ਉਹ ਸ਼ੇਰਾਂ ਦੀ ਮੌਤ ਮਰਿਐ। ਉਹ ਕਿਸੇ ਐਕਸੀਡੈਂਟ 'ਚ ਤਾਂ ਨੀ ਮਰਿਆ ਜਾਂ ਲੋਕਾਂ ਦੇ ਮੁੰਡਿਆਂ ਮਾਗੂੰ ਦਾਰੂ ਪੀ ਕੇ ਰੂੜੀ 'ਤੇ ਪਿਆ ਤਾਂ ਨੀ ਮਰਿਆ। ਉਹ ਬਹਾਦਰਾਂ ਦੀ ਮੌਤ ਮਰਿਐ। ਮੇਰਾ ਪੁੱਤ ਪੁਲਸ 'ਚ ਵੀ ਰਿਹੈ, ਪਰ ਉਸਨੂੰ ਓਹਦੇ ਪਿਉ ਨੇ ਕਿਹਾ ਸੀ ਬੀ ਪੁੱਤ ਕਿਸੇ ਤੀਮੀਂ ਦੇ ਮੂਹਰੇ ਉੱਚੀ 'ਵਾਜ 'ਚ ਨਾ ਬੋਲੀਂ, ਉਹ ਕਦੇ ਕਿਸੇ ਤੀਮੀਂ ਨੂੰ ਮੰਦਾ ਨੀ ਬੋਲਿਆਂ ਤੇ ਆਹ ਕੁਤੀ ਪੁਲਸ ਨੂੰ ਤਾਂ ਏਨਾ ਨੀ ਪਤਾ ਬੀ ਬੁੜ੍ਹੀਆਂ ਨਾਲ ਗੱਲ ਕਿਮੇਂ ਕਰੀਦੀ ਐ, ਗਾਲ ਤੋਂ ਬਿਨਾ ਨੀ ਬੋਲਦੇ ਹਰਾਮਜਾਦੇ......... ਕੋਈ ਨੀ ਪੁੱਤ ਗੋਲੀ ਇਹਨਾਂ ਲਈ ਵੀ ਬਣੂ, ਗੋਲੀ 'ਕੱਲੀ ਸਿਖਾਂ ਦੇ ਪੁੱਤਾਂ ਲਈ ਤਾਂ ਨਈ...... ਇਹਨਾਂ ਨੂੰ ਵੀ ਮਿਲੂ ਕੀਤੇ ਦੀ ਸਜ਼ਾ.........."

ਪਤੀ ਦੀ ਮੌਤ ਤੋਂ ਬਾਅਦ ਪੁੱਤਰ ਦੀ, ਨੂੰਹ ਦੀ ਤੇ ਅਣਜੰਮੇ ਵਾਰਸ ਦੀ ਮੌਤ 'ਤੇ ਹੀ ਬੱਸ ਨਹੀਂ ਹੋਈ। ਪੁਲਸ ਨੇ ਮਾਤਾ ਦੇ ਜਵਾਈ ਸਦੀਕ ਮੁਹੰਮਦ ਨੂੰ ਵੀ ਲਾਪਤਾ ਕਰ ਦਿੱਤਾ ਜਾਂ ਕਹਿ ਲਉ ਲਾਵਾਰਸ ਲਾਸ਼ ਕਹਿ ਕੇ ਫੂਕ ਦਿੱਤਾ ਜਾਂ ਕਿਸੇ ਦਰਿਆ ਨਹਿਰ ਵਿਚ ਮੱਛੀਆਂ ਦੀ ਭੇਂਟ ਚਾੜ੍ਹ ਦਿੱਤਾ। ਫੇਰ ਜਦ ਘਰ ਵਿਚ ਕੋਈ ਮਰਦ ਨਹੀਂ ਬਚਿਆ ਤਾਂ ਪੁਲਸ ਦਾ ਕਹਿਰ ਮਾਤਾ ਤੇ ਇਸ ਦੀ ਧੀ 'ਤੇ ਵਰ੍ਹਿਆ। ਕੁੱਟ-ਕੁੱਟ ਕੇ ਹੱਡੀਆਂ ਤੋੜ ਦਿੱਤੀਆਂ, ਪਰ ਮਾਤਾ ਅਡੋਲ ਰਹੀ ਤੇ ਜਦ ਵੀ ਬੋਲੀ ਉਸ ਨੇ ਸਰਕਾਰ ਨੂੰ 'ਕੁੱਤੀ ਗੌਰਮਿੰਟ' ਕਹਿ ਕੇ ਹੀ ਸੰਬੋਧਨ ਕੀਤਾ।

.... ਤੇ ਏਨਾਂ ਕਹਿਰ ਅਡੋਲਤਾ ਨਾਲ ਝੱਲਣ ਤੋਂ ਬਾਅਦ ਵੀ ਬੱਸ ਨਹੀਂ ਹੋਈ। ਅੱਜ ਪੁਲਸ ਨੇ ਮਾਤਾ ਦੀ ਦੋਹਤਰੀ ਬੀਬੀ ਪ੍ਰਵੀਨ ਕੌਰ ਨੂੰ ਕਰਨਾਲ ਥਾਣੇ ਵਿਚ ਬਰਫ ਦੀ ਸਿੱਲ 'ਤੇ ਲਿਟਾਇਆ ਹੋਇਆ ਸੀ। ੨੧ ਸਾਲ ਦੀ ਮਾਸੂਮ ਦਰਦ ਨਾਲ ਕਰਾਹ ਰਹੀ ਸੀ। ਪਰ ਜ਼ਾਲਮ ਹਾਕਮਾਂ ਦੀਆਂ ਡਿਕਸ਼ਨਰੀਆਂ ਵਿਚੋਂ ਤਰਸ ਨਾਮ ਦਾ ਸ਼ਬਦ ਗੁਆਚ ਗਿਆ ਸੀ। ਕੁੱਟ-ਕੁੱਟ ਕੇ ਬੱਚੀ ਦੀਆਂ ਹੱਡੀਆਂ ਭੰਨ ਸੁੱਟੀਆਂ ਸਨ।

.... ਪਰ ਮਾਤਾ ਅਡੋਲ ਬੈਠੀ ਪ੍ਰਕਰਮਾਂ ਨਾਲ ਢੋਅ ਲਾਈ ਕੀਰਤਨ ਸੁਣ ਰਹੀ ਸੀ। ਸ਼ਬਦ ਚੱਲ ਰਿਹਾ ਸੀ,

"ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥
ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥"

ਮੈਂ ਮਾਤਾ ਵੱਲ ਹੈਰਾਨੀ ਨਾਲ ਤੱਕ ਰਿਹਾ ਸੀ। ਮਾਤਾ ਦੇ ਅੱਜ ਤੱਕ ਦੇ 'ਨੁਕਸਾਨ' ਦਾ ਮੁਲੰਕਣ ਕਰ ਰਿਹਾ ਸੀ। ਮਾਤਾ ਦੇ 'ਨੁਕਸਾਨ' ਨੂੰ ਵੇਖ ਕੇ ਮੈਨੂੰ ਉਨ੍ਹਾਂ ਲਾਲਿਆਂ ਦੇ 'ਨੁਕਸਾਨ' ਦਾ ਚੇਤਾ ਵੀ ਆ ਰਿਹਾ ਸੀ ਜਿਹੜੇ ਹੁਣੇ ਏਥੋਂ ਪਿੱਟਦੇ ਗਏ ਸਨ। ਮੈਂ ਸੋਚ ਰਿਹਾ ਸੀ ਕਿ ਕਿਸ ਦਾ 'ਨੁਕਸਾਨ' ਜਿਆਦਾ ਵੱਡਾ ਹੈ ਉਹਨਾਂ ਲਾਲਿਆਂ ਦਾ, ਜਿਹੜੇ ਏਥੋਂ ਰੋਂਦੇ ਗਏ ਨੇ, ਜਾਂ ਇਸ ਬੁੱਢੀ ਮਾਤਾ 'ਨੂਰੀ' ਦਾ, ਜਿਹੜੀ ਅਡੋਲ 'ਗੁਰੂ ਚਰਨਾ' ਵਿਚ ਧਿਆਨ ਲਾਈ ਬੈਠੀ ਹੈ।

ਜਦ ਰਾਗੀ ਸਿੰਘਾਂ ਨੇ ਸ਼ਬਦ ਪੜ੍ਹਨਾ ਸ਼ੁਰੂ ਕੀਤਾ ਕਿ,

"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥"

ਤਾਂ ਮੈਂ ਮਾਤਾ ਦੀਆਂ ਅੱਖਾਂ ਵਿਚੋਂ ਆਪ ਮੁਹਾਰੇ ਦੋ ਅੱਥਰੂ ਡੁੱਲਦੇ ਵੇਖੇ। ਉਹ ਪ੍ਰਕਰਮਾਂ ਵਿਚ ਲੰਬੀ ਪੈ ਗਈ। ਸ਼ਾਇਦ ਕੁਝ ਥੱਕ ਗਈ ਸੀ। ਉਸ ਨੂੰ ਪਈ ਨੂੰ ਤੱਕ ਕੇ ਮੈਨੂੰ ਚਰਨ ਸਿੰਘ ਸਫਰੀ ਦਾ ਇਕ ਸ਼ੇਅਰ ਯਾਦ ਆ ਗਿਆ,

"ਦਾਤਾ ਤੇਰੀ ਪ੍ਰਕਰਮਾਂ ਦੇ ਪੱਥਰਾਂ 'ਤੇ, ਬੁੱਢੀ ਮਾਂ ਕੋਈ ਅੱਥਰੂ ਵਹਾ ਰਹੀ ਏ,

ਮੋਏ ਪੁੱਤਰ ਦੀ ਲਾਸ਼ ਦੀ ਮਹਿਕ ਓਹਨੂੰ, ਤੇਰੇ ਪੱਥਰਾਂ ਵਿਚੋਂ ਵੀ

ਆ ਰਹੀ ਏ"

ਮੈਂ ਉੱਠਣ ਦੇ ਬਹਾਨੇ ਮਾਤਾ ਦੇ ਪੈਰਾਂ ਨਾਲ ਹੱਥ ਛੁਹਾ ਕੇ ਮੱਥੇ ਨਾਲ ਲਾਏ ਤੇ ਅਕਾਲ ਪੁਰਖ ਅੱਗੇ ਜੋਦੜੀ ਕੀਤੀ ਕਿ,

"ਹੇ ਸੱਚੇ ਪਾਤਸ਼ਾਹ, ਸਾਡੀਆਂ ਮਾਵਾਂ ਨੂੰ, ਸਾਰੇ ਪੰਥ ਦੀਆਂ ਮਾਵਾਂ ਨੂੰ ਇਸ 'ਮਾਈ ਨੂਰੀ' ਵਰਗਾ ਹੌਸਲਾ ਤੇ ਅਡੋਲਤਾ ਬਖਸ਼, ਸਾਰੀਆਂ ਮਾਵਾਂ ਦੀਆਂ ਕੁੱਖਾਂ ਨੂੰ ਭਾਗ ਲਾ ਕਿ ਉਹ ਬਸ਼ੀਰ ਮੁਹੰਮਦ ਵਰਗੇ ਦਲੇਰ ਪੁੱਤ ਜੰਮ ਸਕਣ ਤੇ ਉਹ ਮਾਵਾਂ ਦੀਆਂ ਕੁੱਖਾਂ ਸੁਲੱਖਣੀਆਂ ਕਰ ਸਕਣ, ਹੇ ਅਕਾਲ ਪੁਰਖ ਅੱਜ ਸਾਨੂੰ ਸਿਰਫ ਇਕ ਨਹੀਂ ਲੱਖਾਂ ਅਜਿਹੀਆਂ ਮਾਵਾਂ ਦੀ ਲੋੜ ਹੈ ਤਾਂ ਕਿ ਅਸੀਂ ਕੌਮ ਨੂੰ ਬਾਹਮਣਵਾਦੀ ਗਲਬੇ ਹੇਠੋਂ ਕੱਢ ਕੇ ਆਜ਼ਾਦ ਕਰਵਾ ਸਕੀਏ, ਹੇ ਵਾਹਿਗੁਰੂ ਸਾਰੀਆਂ ਮਾਵਾਂ ਨੂੰ ਇਹ ਹਿੰਮਤ ਬਖਸ਼ ਕਿ ਉਹ ਆਪਣੇ ਪੁੱਤ ਪੰਥ ਉੱਤੋਂ ਦੀ ਨਿਛਾਵਰ ਕਰ ਦੇਣ, ਹੇ ਪ੍ਰਮਾਤਮਾਂ ਮਿਹਰ ਕਰ, ਦਇਆ ਕਰ......"

ਅਰਦਾਸ ਕਰ ਕੇ ਮੱਥਾ ਟੇਕ ਕੇ ਮੈਂ ਜਦ ਤੁਰਨ ਲੱਗਿਆ ਤਾਂ ਮੈਂ 'ਮਾਈ ਨੂਰੀ' ਵੱਲ ਦੇਖਿਆ। ਉਹ ਉੱਥੇ ਉਸੇ ਤਰ੍ਹਾਂ ਪਈ ਸੀ, ਅਡੋਲ। ਜਿਵੇਂ ਉਸਦਾ ਕੋਈ 'ਨੁਕਸਾਨ' ਹੋਇਆ ਹੀ ਨਾ ਹੋਵੇ.........

ਇਥੇ [illegible] ਵੀ ਨਾ [illegible], [illegible] /
[illegible] /
ਇਥੇ [illegible], ਨਾ [illegible] /
[illegible] /
[illegible] /
[illegible] /
[illegible] /
[illegible] /
[illegible] /

'ਸਰਾਪ'

"ਹਾਏ ਛੱਡ ਦਿਉ ਮੈਨੂੰ... ਮਾਫ ਕਰ ਦਿਉ... ਨਾ... ਨਾ... ਮੈਨੂੰ ਨਾ ਮਾਰੋ... ਹਾਏ... ਭੁੱਲ ਹੋ ਗਈ ਇਹ ਸਭ ਕੁਝ ਮੈਂ ਜਾਣ ਬੁੱਝ ਕੇ ਨਹੀਂ ਕੀਤਾ... ਉੱਪਰੋਂ ਆਡਰ ਸਨ... ਨਾ ਮਾਰੋ ਮੈਨੂੰ... ਛੱਡ ਦਿਉ..." ਇਸ ਤਰ੍ਹਾਂ ਰੌਲਾ ਪਾਉਂਦਾ ਤੇ ਕੁਰਲਾਉਂਦਾ ਉਹ ਉੱਠ ਬੈਠਾ, ਹਰਫਲਿਆ ਹੋਇਆ "ਪਾਣੀ-ਪਾਣੀ" ਕਰੀ ਜਾ ਰਿਹਾ ਸੀ। ਸਾਹੋ ਸਾਹ ਹੋਇਆ ਪਿਆ ਸੀ ਤੇ ਉਸ ਨੂੰ ਏਨੀ ਸੁਧ ਵੀ ਨਹੀਂ ਸੀ ਕਿ ਉਸ ਨੂੰ ਪਾਣੀ ਫੜਾਉਣ ਵਾਲਾ ਕੋਈ ਨਹੀਂ। ਇੰਝ ਨਹੀਂ ਸੀ ਕਿ ਉਸ ਨਾਲ ਇਹ ਸਭ ਕੁਝ ਪਹਿਲੀ ਵਾਰ ਵਾਪਰਿਆ ਸੀ। ਇਹ ਤਾਂ ਹੁਣ ਰੋਜ਼ ਦੀ ਖੇਡ ਹੋ ਚੁੱਕੀ ਸੀ। ਹਰ ਰੋਜ਼ ਉਸ ਨੂੰ ਇਸ ਤਰ੍ਹਾਂ ਦੇ ਡਰਾਉਣੇ ਸੁਪਨੇ ਆਉਂਦੇ ਤੇ ਹਰ ਰੋਜ਼ ਉਸ ਦਾ ਇਹੀ ਹਾਲ ਹੁੰਦਾ।

ਕੁਝ ਹੋਸ਼ ਸੰਭਾਲਣ ਤੋਂ ਬਾਅਦ ਉਹ ਉੱਠਿਆ... ਕੁਝ ਸਹਿਮਿਆ ਹੋਇਆ, ਡਰਿਆ ਹੋਇਆ। ਫਰਿਜ ਕੋਲ ਗਿਆ ਤੇ ਪਾਣੀ ਦੀ ਬੋਤਲ ਕੱਢ ਕੇ ਮੂੰਹ ਲਾ ਲਿਆ ਤੇ ਬੋਤਲ ਨਾਲ ਹੀ ਚੁੱਕ ਲਿਆਇਆ। ਸ਼ਾਇਦ ਉਸ ਨੂੰ ਲੱਗਿਆ ਕਿ ਪਾਣੀ ਦੀ ਲੋੜ ਫਿਰ ਪਵੇਗੀ।

ਇਹ ਸਭ ਕੁਝ ਉਸ ਨਾਲ ਪਿਛਲੇ ਕਈ ਮਹੀਨਿਆਂ ਤੋਂ ਲਗਾਤਾਰ ਵਾਪਰ ਰਿਹਾ ਸੀ, ਸ਼ਾਇਦ ਉਦੋਂ ਤੋਂ ਜਦੋਂ ਦੀ ਉਸ ਦੀ ਕੁੜੀ ਪਾਗਲ ਹੋ ਗਈ ਸੀ। ਉਸ ਨੂੰ ਉਦੋਂ ਲੱਗਿਆ ਸੀ ਕਿ ਇਹ ਉਸ ਦੇ ਕਰਮਾਂ ਦਾ ਫਲ ਹੀ ਸੀ ਜੋ ਉਸ ਦੇ ਪਰਿਵਾਰ ਨੂੰ ਭੁਗਤਣਾ ਪੈ ਰਿਹਾ ਸੀ।

ਕਾਫੀ ਸਾਲ ਪਹਿਲਾਂ ਇਸ ਦੀ ਪਤਨੀ ਕੈਂਸਰ ਨਾਲ ਮਰ ਗਈ ਸੀ। ਉਹ ਚਾਹੁੰਦਾ ਹੋਇਆ ਵੀ ਉਸ ਨੂੰ ਬਚਾ ਨਹੀਂ ਸਕਿਆ ਸੀ। ਐਨੇ ਪੈਸੇ ਤੇ ਹਰੇਕ ਤਰ੍ਹਾਂ ਦੀਆਂ ਸਹੂਲਤਾਂ ਤੋਂ ਬਾਅਦ ਵੀ ਉਸ

ਦੀ ਪਤਨੀ ਤੜਫ-ਤੜਫ ਕੇ ਮਰ ਗਈ । ਤੜਫ-ਤੜਫ ਕੇ ਇਸ ਲਈ, ਕਿਉਂਕਿ ਉਸ ਨੂੰ ਗਲੇ ਦਾ ਕੈਂਸਰ ਸੀ। ਮਰਨ ਤੋਂ ਛੇ ਮਹੀਨੇ ਪਹਿਲਾਂ ਹੀ ਉਸ ਦੇ ਅੰਦਰ ਅੰਨ ਲੰਘਣੋਂ ਹਟ ਗਿਆ ਸੀ। ਧੱਕੇ ਨਾਲ ਦੁੱਧ ਬਿਸਕੁਟ ਅੰਦਰ ਲੰਘਾਉਂਦੀ, ਅੱਧਾ ਲੰਘਦਾ, ਪਚਦਾ ਤੇ ਬਾਕੀ ਉਛਲ ਕੇ ਬਾਹਰ ਕੱਢ ਦਿੰਦੀ। ਹੌਲੀ-ਹੌਲੀ ਕਰਕੇ ਉਸ ਦੇ ਸਿਰ ਦੇ ਵਾਲ ਵੀ ਉੱਡ ਗਏ। ਉਸਦਾ ਚਿਹਰਾ ਬਹੁਤ ਕਰੂਪ ਹੋ ਗਿਆ ਸੀ। ਵਿਹੜੇ ਆਲੀ ਪਾਲੋ ਵਾਂਗ।

ਉਹੀ ਪਾਲੋ ਜਿਸ ਨੂੰ ਥਾਣੇ ਆਲੇ ਚੁੱਕ ਲਿਆਏ ਸਨ ਇਸੇ ਸ਼ੱਕ ਵਿਚ ਕਿ ਉਸ ਦਾ ਮੁੰਡਾ 'ਅੱਤਵਾਦੀਆਂ' ਨਾਲ ਰਲ ਗਿਆ ਹੈ। ਕਈ ਦਿਨ ਵਿਚਾਰੀ ਨੂੰ ਭੁੱਖੀ ਤਿਹਾਈ ਨੂੰ ਬਿਨਾਂ ਕੱਪੜਿਆਂ ਤੋਂ ਪੁੱਠੀ ਲਮਕਾਈ ਰੱਖਿਆ, ਉਸ ਦਾ ਚਿਹਰਾ ਭੂਤ ਕਥਾਵਾਂ ਦੀਆਂ ਚੁੜੇਲਾ ਵਰਗਾ ਹੋ ਗਿਆ ਸੀ।

ਉਹ ਵਿਚਾਰੀ ਬਥੇਰਾ ਕੁਰਲਾਈ, "ਹਾਏ ਜੀ ਮੈਨੂੰ ਨੀ ਪਤਾ ਉਹ ਫੌੜੀ ਕਢਾਵਾ ਕਿੱਧਰ ਮਰ ਗਿਐ... ਮੈਨੂੰ ਕਿਹੜਾ ਦੱਸ ਕੇ ਜਾਂਦੇ ਮਰਨਾਂ..."

ਪਰ ਜਦੋਂ ਫੇਰ ਵੀ ਪੁਲਸੀਏ ਉਸ ਨੂੰ ਮਾਰਦੇ ਕੁੱਟਦੇ ਰਹੇ ਤਾਂ ਪਾਲੋ ਵਿਚਲਾ ਵਿਹੜਾ ਜਾਗ ਪਿਆ ਤੇ ਉਸ ਨੇ ਥਾਣੇ ਵਿਚ ਗੰਦੀਆਂ-ਗੰਦੀਆਂ ਗਾਲ੍ਹਾਂ ਦਾ ਮੀਂਹ ਵਰ੍ਹਾ ਦਿੱਤਾ। ਹੁਣ ਪੁਲਸੀਏ ਝਾਕਣ ਤਾਂਹ ਠਾਂਹ। ਕੋਈ ਓਹਦੇ ਨੇੜੇ ਨਾ ਹੋਵੇ।

ਇਹ ਆਵਦੇ ਸਿਪਾਹੀਆਂ ਨੂੰ ਗਾਲ੍ਹਾਂ ਕੱਢੀ ਜਾਵੇ, "ਓ ਚੁੱਪ ਕਰਾਓ ਓ ਆਵਦੀ ਮਾਂ ਨੂੰ... ਮੇਰੇ ਸਾਲੇ ਦੀ ਨੇ ਥਾਣਾ ਸਿਰ 'ਤੇ ਚੱਕ ਰੱਖਿਐ..."

"ਜਨਾਬ ਜਦੋਂ ਨੇੜੇ ਜਾਈਦੇ ਜੀ ਤਾਂ ਉਹ ਮਾਂ-ਭੈਣ ਦੇ ਖਸਮ ਤੋਂ ਬਿਨਾਂ ਨੀ ਬੋਲਦੀ... ਕਿਹੜਾ ਸੁਣੇ ਜੀ ਸਲੋਕ ਓਹਤੋਂ ਹੁਣ" ਇੱਕ ਸਿਪਾਹੀ, ਜਿਹੜਾ ਕਿ ਪਾਲੋ ਦੇ ਨੇੜੇ ਜਾ ਕੇ ਭੁਚੱਕਾ ਵੇਖ ਆਇਆ ਸੀ, ਬੋਲਿਆ।

ਕਈ ਦਿਨ ਪਾਲੋ ਇਸੇ ਤਰ੍ਹਾਂ ਪੁਠੀ ਲਮਕਦੀ ਰਹੀ। ਓਹ

ਤਾਂ ਵਿਚਾਰੀ ਦਾ ਖਹਿੜਾ ਇਨ੍ਹਾਂ ਚੰਡਾਲਾਂ ਤੋਂ ਉਦੋਂ ਛੁੱਟਿਆ ਜਦੋਂ ਪਤਾ ਲੱਗਾ ਕਿ ਉਸ ਦਾ ਮੁੰਡਾ ਕਿਸੇ ਅੱਤਵਾਦੀਆਂ-ਉੱਤਵਾਦੀਆਂ ਨਾਲ ਨਹੀਂ ਰਲਿਆ ਸੀ ਉਹ ਤਾਂ ਘਰ ਦੀ ਗਰੀਬੀ ਤੋਂ ਭੱਜ ਕੇ ਟਰੱਕਾਂ ਵਾਲਿਆਂ ਨਾਲ ਚਲਾ ਗਿਆ ਸੀ, ਗੁਹਾਟੀ ਦੇ ਗੇੜੇ 'ਤੇ। ਮਾਂ ਨੂੰ ਵੀ ਨਹੀਂ ਦੱਸ ਕੇ ਗਿਆ ਸੀ। ਉਹ ਆਇਆ ਤਾਂ ਪਿੰਡ ਵਾਲਿਆਂ ਨੇ ਉਸ ਨੂੰ ਪੇਸ਼ ਕਰਕੇ ਪਾਲੇ ਨੂੰ ਛੁਡਵਾਇਆ। ਉਸ ਦੇ ਮੁੰਡੇ ਦੀ ਵੀ ਪੁਲਸ ਵਾਲਿਆਂ ਨੇ ਬਹੁਤ ਤੌਣੀ ਲਾਈ ਸੀ ਤੇ ਉਸ ਵਿਚਾਰੇ ਨੂੰ ਪਤਾ ਵੀ ਨਾ ਲੱਗੇ ਕਿ ਉਸ ਦਾ ਕਸੂਰ ਕੀ ਸੀ। ਅਨਪੜ੍ਹ ਸੀ ਵਿਚਾਰਾ, ਜਿੱਦਣ ਛੁੱਟ ਕੇ ਪਿੰਡ ਆਇਆ ਤਾਂ ਸੱਥ ਵਿਚ ਦੀ ਲੰਘਦੇ ਨੂੰ ਕੁੱਝ ਬਜੁਰਗਾਂ ਨੇ ਵਿਅੰਗ ਕੀਤਾ, "ਕਿਉਂ ਵੇਖ ਆਇਆਂ ਗੁਹਾਟੀ"। ਸੱਥ ਵਿਚ ਹਾਸਾ ਪੈ ਗਿਆ। ਉਹ ਵਿਚਾਰਾ ਸਾਊ ਬੋਲਿਆ, "ਲੈ ਤਾਇਆ, ਮੈਨੂੰ ਕੀ ਪਤਾ ਸੀ ਬੀ ਸ਼ਾਲਾ ਭੱਜ ਕੇ ਟਰੱਕ ਆਲਿਆ ਨਾਲ ਰਲ ਜਾਣਾ ਵੀ ਗਨਾਹ ਐ... ਲੈ ਜੇ ਪਤਾ ਹੁੰਦਾ ਫੇਰ ਮੈਂ ਕਾਹਨੂੰ ਜਾਂਦਾ ਗੁਆਟੀ।"

ਛੇ ਮਹੀਨਿਆਂ ਦੀ ਨਰਕ ਵਰਗੀ ਜਿੰਦਗੀ ਭੋਗਣ ਤੋਂ ਬਾਅਦ ਆਖਰ ਉਸ ਦੀ ਪਤਨੀ ਤੁਰ ਗਈ। ਮਰਨ ਤੋਂ ਕੁਝ ਦਿਨ ਪਹਿਲਾਂ ਉਹ ਇਸ ਨੂੰ ਕੋਲ ਬਿਠਾ ਬਹੁਤ ਕੁਝ ਬੋਲਦੀ ਰਹੀ। ਹਾਲਾਂਕਿ ਉਸ ਤੋਂ ਬੋਲਿਆ ਨਹੀਂ ਜਾਂਦਾ ਸੀ ਤੇ ਉਸ ਦੀ ਆਵਾਜ਼ ਵੀ ਇੰਝ ਨਿਕਲਦੀ ਸੀ ਜਿਵੇਂ ਕਿਸੇ ਦਾ ਗਲ਼ ਘੁੱਟਿਆ ਹੋਵੇ। ਪਰ ਉਹ ਫਿਰ ਵੀ ਬੋਲਦੀ ਰਹੀ, "ਤੁਸੀਂ ਜੀ ਬਹੁਤ ਜੁਲਮ ਕੀਤੇ ਜੀ ਲੋਕਾਂ ਤੇ... ਇਹ ਸਾਰਾ ਉਹਨਾਂ ਕਰਮਾਂ ਦਾ ਫਲ ਈ ਐ ਜੋ ਆਪਾਂ ਭੁਗਤ ਰਹੇ ਆਂ... ਸਰਾਪ ਲੱਗ ਗਿਐ ਜੀ ਉਹਨਾਂ ਦੁਖੀ ਪਰਵਾਰਾਂ ਦਾ ਆਪਾਂ ਨੂੰ... ਥੋਡੀ ਲਿਆਂਦੀ ਪਾਪਾਂ ਦੀ ਕਮਾਈ ਦੇ ਅਸੀਂ ਵੀ ਹਿੱਸੇਦਾਰ ਰਹੇ ਆਂ... ਤਾਂ ਹੀ ਤਾਂ ਹੁਣ ਆਹ ਨਰਕਾਂ ਆਲੀ ਜੂਨ ਭੋਗ ਰਹੇ ਆਂ... ਤੇ ਇਹ ਸਰਾਪ ਆਪਣੇ ਤੋਂ ਸੱਤ ਜਨਮਾਂ ਤੱਕ ਨਹੀਂ ਲਹਿਣਾ ਮੀਤ ਦੇ ਬਾਪੂ..."।

ਪਤਨੀ ਦੇ ਇਹ ਸ਼ਬਦ ਉਸ ਦੇ ਕਾਲਜੇ ਵਿਚ ਤੀਰਾਂ ਵਾਂਗੂ ਲੱਗੇ। ਉਸ ਦੀ ਮੌਤ ਤੋਂ ਬਾਅਦ ਉਹ ਕਾਫ਼ੀ ਟੁੱਟ ਗਿਆ। ਬਹੁਤ ਸ਼ਰਾਬ ਪੀਣ ਲੱਗ ਪਿਆ। ਭਾਵੇਂ ਉਹ ਪਹਿਲਾਂ ਵੀ ਸ਼ਰਾਬ ਰੋਜ਼ ਪੀਂਦਾ ਸੀ ਤੇ ਇਹ ਲਤ ਵੀ ਉਸ ਨੂੰ ਨੌਕਰੀ ਦੌਰਾਨ ਹੀ ਲੱਗੀ ਸੀ। ਇਕ ਦਿਨ ਥਾਣੇ ਵਿਚ ਇਸ ਤੋਂ ਵੱਡੇ ਅਫਸਰ ਨੇ, ਜਦੋਂ ਇਹ ਅਜੇ ਭਰਤੀ ਹੋਇਆ ਹੀ ਸੀ, ਇਕ 'ਅੱਤਵਾਦੀ' ਦੇ 'ਪਿਛੋਂ ਦੀਂ ਬੀਅਰ ਦੀ ਬੋਤਲ ਸਾਰੀ ਧੱਕ ਦਿੱਤੀ, ਉਸ ਵਿਚਾਰੇ ਮੁੰਡੇ ਨੂੰ ਖੂਨ ਦੀਆਂ ਉਲਟੀਆਂ ਆਉਣ ਲੱਗੀਆਂ ਤੇ ਜਦੋਂ ਬੋਤਲ ਬਾਹਰ ਖਿੱਚੀ ਤਾਂ ਨਾੜਾ ਤੇ ਮਾਸ ਦੇ ਲੋਥੜੇ ਜਹੇ ਵੀ ਬਾਹਰ ਆ ਗਏ। ਇਹ ਵੇਖ ਕੇ ਇਸ ਨੇ ਉਲਟੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਦੀ ਇਹ ਹਾਲਤ ਵੇਖ ਕੇ ਵੱਡਾ ਅਫਸਰ ਇਸ ਕੋਲ ਆ ਕੇ ਬੋਲਿਆ, "ਹਰਜੀਤ ਸੀਂਗ... ਐਸੇ ਕੈਸੇ ਚਲੇਗਾ ਭਾਈ... ਤੁਮ ਤੋ ਦਿਲ ਕੇ ਬਹੁਤ ਕਮਜ਼ੋਰ ਹੋ... ਯੇ ਤੋ ਯਹਾਂ ਕਾ ਰੋਜ਼ ਕਾ ਕਾਮ ਹੈ... ਥੋੜੇ ਤਾਕਤਵਰ ਹੋ ਜਾਓ... ਤੁਮਹੇਂ ਭੀ ਤੋ ਯੇਹ ਡਿਊਟੀ ਨਿਭਾਣੀ ਹੈ।"

ਅਫਸਰ ਦੇ ਮੂੰਹ 'ਚੋਂ ਸ਼ਰਾਬ ਦੀ ਹਵਾੜ ਆ ਰਹੀ ਸੀ ਤੇ ਉਸ ਨੇ ਇਸ ਦੇ ਹੱਥ ਵਿਚ ਸ਼ਰਾਬ ਦਾ ਗਲਾਸ ਫੜਾ ਦਿੱਤਾ। ਨਾਂਹ ਨੁੱਕਰ ਜਹੀ ਕਰਦੇ ਨੇ ਇਸ ਨੇ ਮੂੰਹ ਨੂੰ ਲਾ ਲਿਆ।

"ਸਰ ਇਤਨਾ ਟਾਰਚਰ ਕਰਨਾ ਕਯਾ ਜ਼ਰੂਰੀ ਹੈ।" ਉਸ ਦੇ ਦਿਮਾਗ ਵਿਚ ਅਜੇ ਵੀ ਉਹੀ ਸਭ ਘੁੰਮ ਰਿਹਾ ਸੀ।

"ਹਰਜੀਤ ਸੀਂਗ... ਯੇ ਸਾਲੇ ਪੂਰੇ ਐਕਸਪਰਟ ਹੋਤੇ ਹੈਂ... ਜਲਦੀ ਨਹੀਂ ਮਾਨਤੇ... ਇਨ ਕੀ ਟਰੇਨਿੰਗ ਹੀ ਐਸੀ ਹੋਤੀ ਹੈ... ਔਰ ਹਮ ਤੋ ਦੇਸ਼ ਕੇ ਰਖਵਾਲੇ ਹੈਂ। ਦੇਸ਼ ਕੀ ਰਕਸ਼ਾ ਕੇ ਲੀਏ ਹੀ ਕਰਤੇ ਹੈਂ ਸਭ ਕੁਝ। ਤੁਮ ਫਿਕਰ ਮਤ ਕਰੋ... ਧੀਰੇ-ਧੀਰੇ ਤੁਮਹੇ ਭੀ ਆਦਤ ਪੜ ਜਾਏਗੀ।"

ਬਸ ਫੇਰ ਤਾਂ ਸ਼ਰਾਬ ਪੀਣੀ ਇਸ ਦਾ ਰੋਜ਼ ਦਾ ਕਿੱਸਾ ਹੋ ਗਿਆ। ਕਿਉਂ ਜੋ ਰੋਜ਼ ਕਿਸੇ ਮੁੰਡੇ ਨੂੰ ਕਸਾਈਆਂ ਵਾਂਗ ਕੋਹਣਾ

ਹੁੰਦਾ ਸੀ, ਜੋ ਇਨਸਾਨ ਦੇ ਵੱਸ ਦੀ ਖੇਡ ਤਾਂ ਹੈ ਨਹੀਂ ਸੀ। ਸੋ ਸ਼ਰਾਬ ਨਾਲ ਰੱਜ ਕੇ ਇਹ ਹੈਵਾਨ ਬਣ ਜਾਂਦੇ ਸਨ ਤੇ ਥਾਣਾ ਨਰਕ। ਥਾਣੇ ਵਿਚ ਕੋਹੀ ਜਾਂਦੀ ਮਨੁੱਖਤਾ ਦੀਆਂ ਚੀਕਾਂ ਬਾਹਰ ਸੁਣ ਕੇ ਹੀ ਲੋਕਾਂ ਨੇ ਇਸ ਦੇ ਨਾਮ ਨਾਲ 'ਬੁੱਚੜ' ਲਾ ਦਿੱਤਾ ਸੀ। ਹਰਜੀਤ ਸਿੰਘ ਬੁੱਚੜ... ਉਸ ਨੂੰ ਆਪ ਨੂੰ ਵੀ ਨਹੀਂ ਪਤਾ ਸੀ ਕਿ ਇਹ ਸ਼ਬਦ ਉਸ ਦੇ ਨਾਮ ਨਾਲ ਕਦੋਂ ਜੁੜਿਆ। ਸ਼ਾਇਦ ਉਦੋਂ ਜਦੋਂ ਇਸ ਨੇ ਕਿਸੇ ਨਾਮਵਰ ਖਾੜਕੂ ਦੇ ਪਿਉ ਦੀਆਂ ਲੱਤਾਂ ਗਰਮ ਲੁੱਕ ਦੇ ਡਰੰਮ ਵਿਚ ਪਾ ਕੇ ਸਾੜ ਦਿੱਤੀਆਂ ਸਨ ਜਾਂ ਸ਼ਾਇਦ ਉਦੋਂ ਜਦੋਂ ਸੀ. ਆਈ. ਏ. ਸਟਾਫ ਵਿਚ ਇਕ ਮੁੰਡੇ ਦੇ ਟੋਕੇ ਨਾਲ ਛੋਟੇ-ਛੋਟੇ ਟੁਕੜੇ ਕਰ ਦਿੱਤੇ ਸਨ, ਜਾਂ ਫਿਰ ਉਦੋਂ ਜਦੋਂ ਇਕ ਰੂਪੋਸ਼ ਖਾੜਕੂ ਦੇ ੪ ਮਹੀਨਿਆਂ ਦੇ ਭਤੀਜੇ ਨੂੰ, ਜਿਹੜਾ ਕਿ ਥਾਣੇ ਵਿਚ ਡਰੀ ਬੈਠੀ ਉਸ ਦੀ ਮਾਂ ਦੀ ਬੁੱਕਲ ਵਿਚ ਰੋ ਰਿਹਾ ਸੀ, ਚੁੱਕ ਕੇ ਥਾਣੇ ਦੀ ਕੰਧ ਨਾਲ ਮਾਰਿਆ ਸੀ ਤੇ ਉਹ ਸਦਾ ਲਈ ਚੁੱਪ ਕਰ ਗਿਆ ਸੀ। ਉਸ ਦੇ ਸਿਰ ਦੇ ਕਈ ਟੁਕੜੇ ਹੋ ਗਏ ਸਨ ਤੇ ਕੰਧ 'ਤੇ ਲੱਗੇ ਖੂਨ ਨੂੰ ਕੁਝ ਦੇਰ ਬਾਅਦ ਸਿਪਾਹੀਆਂ ਨੇ ਸਾਫ ਕਰ ਦਿੱਤਾ ਸੀ। ਬੱਚੇ ਦੀ ਲਾਸ਼ ਦੱਬਣ ਗਏ ਇਕ ਸਿਪਾਹੀ ਦੇ ਮੂੰਹ ਵਿਚੋਂ ਵੀ ਉਦੋਂ ਇਹ ਸ਼ਬਦ ਨਿਕਲਿਆ ਸੀ, "ਸਾਲਾ ਬੁੱਚੜ"। ਇਹੋ ਜਿਹੀਆਂ ਕਈ ਪ੍ਰਾਪਤੀਆਂ ਸਨ ਇਸ ਦੀਆਂ ਜਿਨ੍ਹਾਂ ਨੇ ਇਸ ਨੂੰ ਇਹ ਖਿਤਾਬ ਦਿਵਾਇਆ ਸੀ।

ਪਤਨੀ ਦੀ ਮੌਤ ਤੋਂ ਕੁਝ ਸਮਾਂ ਬਾਅਦ ਹੀ ਇਸ ਨੂੰ ਇਕ ਹੋਰ ਮਨਹੂਸ ਖਬਰ ਮਿਲੀ। ਕਿਸੇ ਨੇ ਘਰ ਆ ਕੇ ਦੱਸਿਆ ਕਿ ਇਸ ਦਾ ਮੁੰਡਾ ਮਨਜੀਤ, ਨਹਿਰ ਕੋਲੇ ਇਕ ਖੱਡ ਜਹੀ ਵਿਚ ਲਹੂ ਲੁਹਾਣ ਹੋਇਆ ਪਿਆ ਹੈ। ਇਸ ਦੇ ਹੱਥਾਂ ਦੇ ਭਾਂਡੇ ਛੁੱਟ ਗਏ। ਮੁੰਡੇ ਦੀਆਂ ਕਰਤੂਤਾਂ ਦੀਆਂ ਖਬਰਾਂ ਤਾਂ ਇਸ ਨੂੰ ਪਹਿਲਾਂ ਵੀ ਮਿਲਦੀਆਂ ਰਹਿੰਦੀਆਂ ਸਨ। ਕਈ ਵਾਰ ਲੋਕਾਂ ਨੇ ਉਸ ਦੇ ਉਲਾਂਭੇ ਇਸ ਨੂੰ ਦਿੱਤੇ ਸਨ। ਇਸ ਨੂੰ ਖੁਦ ਨੂੰ ਵੀ

ਪਤਾ ਸੀ ਕਿ ਮੁੰਡੇ ਨੂੰ ਸਮੈਕ ਦੀ ਲਤ ਲੱਗ ਗਈ ਹੈ ਤੇ ਕਈ ਵਾਰ ਇਸ ਨੇ ਮੁੰਡੇ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਪਰ ਉਹ ਪੂਰੀ ਤਰ੍ਹਾਂ ਇਸ ਦੇ ਕਹਿਣੇ ਤੋਂ ਬਾਹਰ ਸੀ। ਅਸਲ ਵਿਚ ਅੰਨ੍ਹੇ ਲਾਡ ਪਿਆਰ ਤੇ ਬੇਥਾਹ ਪੈਸੇ ਨੇ ਮੁੰਡੇ ਦਾ ਨਾਸ ਪੱਟ ਦਿੱਤਾ ਸੀ।

ਨਹਿਰ ਵੱਲ ਨੂੰ ਭੱਜੇ ਜਾਂਦੇ ਦੇ ਇਸ ਦੇ ਦਿਮਾਗ ਵਿਚ ਕੁਝ ਆਵਾਜ਼ਾਂ ਗੂੰਜਣ ਲੱਗੀਆਂ, "ਹਰਜੀਤ ਸਿਹਾਂ ਪਾਪ ਦੀ ਕਮਾਈ ਕਦੇ ਰਾਸ ਨਹੀਂ ਆਉਂਦੀ ਹੁੰਦੀ... ਮਾਸੂਮਾਂ ਦਾ ਲਹੂ ਡੋਲ੍ਹ ਕੇ ਇਕੱਠੇ ਕੀਤੇ ਪੈਸੇ ਇਕ ਦਿਨ ਤੈਨੂੰ ਤਬਾਹ ਕਰ ਦੇਣਗੇ...।"

ਅਜੇ ਇਹ ਖੱਡ ਕੋਲ ਪਹੁੰਚੇ ਨਹੀਂ ਸਨ ਕਿ ਪੁਲ ਲਾਗਲੇ ਗੁਰਦੁਆਰੇ ਵਿਚੋਂ ਕੀਰਤਨ ਦੀ ਆਵਾਜ਼ ਸੁਣਾਈ ਦੇਣ ਲੱਗੀ,

"ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥"

ਖੱਡ ਕੋਲ ਪਹੁੰਚ ਕੇ ਇਸ ਦੀ ਧਾਹ ਨਿਕਲ ਗਈ। ਮੁੰਡਾ ਥਾਂ-ਥਾਂ ਤੋਂ ਵੱਢਿਆ ਪਿਆ ਸੀ। ਇਹ ਉੱਥੇ ਹੀ ਡਿੱਗ ਪਿਆ, ਇਸ ਦੇ ਦਿਮਾਗ ਵਿਚ ਕੋਈ ਦ੍ਰਿਸ਼ ਘੁੰਮਣ ਲੱਗਾ। ਅਸਲ ਵਿਚ ਇਹ ਉਹੀ ਥਾਂ ਸੀ ਜਿਥੇ ਕਦੇ ਇਸ ਨੇ ਇਕ ਖਾੜਕੂ ਨੂੰ ਨਾਲ ਲੱਗਦੇ ਅੰਬ ਦੇ ਦਰੱਖ਼ਤ ਨਾਲ ਬੰਨ੍ਹ ਕੇ ਮਾਰਿਆ ਸੀ। ਸਿਰਫ ਮਾਰਿਆ ਨਹੀਂ ਸੀ, ਕੋਹਿਆ ਸੀ, ਚੀਰਿਆ ਸੀ, ਵੱਢਿਆ ਸੀ। ਹਾਂ ਕਾਲਿਆਂਵਾਲੀ ਬੱਸ ਕਾਂਡ ਦਾ ਦੋਸ਼ੀ ਮੁੰਡਾ ਸੀ ਉਹ। ਇਸੇ ਥਾਂ 'ਤੇ ਇਸ ਨੇ ਉਸ ਮੁੰਡੇ ਦੇ ਪੱਟ ਚਿਰਵਾਏ ਸਨ ਤੇ ਵਿਚ ਲੂਣ, ਮਿਰਚਾਂ ਭਰੀਆਂ ਸਨ। ਮੁੰਡਾ ਦਰਦ ਨਾਲ ਕਰਾਹ ਵੀ ਰਿਹਾ ਸੀ ਤੇ ਇਸ ਨੂੰ ਲਲਕਾਰ ਵੀ ਰਿਹਾ ਸੀ। ਫੇਰ ਉਸ ਮੁੰਡੇ ਦੀਆਂ ਬਾਹਵਾਂ ਵੱਢੀਆਂ, ਅੱਖਾਂ ਕੱਢੀਆਂ ਤੇ ਅੰਤ ਪੇਟ ਚੀਰ ਦਿੱਤਾ... ਮੁੰਡੇ ਦੀ ਲਾਸ਼ ਕਈ ਟੁਕੜਿਆਂ ਵਿਚ ਖਿਲਰੀ ਪਈ ਸੀ। ਉਸ ਦੇ ਮਾਪਿਆਂ ਨੇ ਮੁੰਡੇ ਦੀ ਲਾਸ਼ ਮੰਗੀ, ਪਰ ਕਿਥੋਂ ਦਿੰਦੇ, ਕਿਵੇਂ ਦਿੰਦੇ, ਕਈ ਟੁਕੜੇ ਇਕੱਠੇ ਕਰਕੇ ਜੋੜਨੇ ਪੈਣੇ ਸਨ।

ਉਸ ਮੁੰਡੇ ਦੀ ਮਾਂ ਦੇ ਵੈਣ ਸਾਰੇ ਪਿੰਡ ਵਿਚ ਗੂੰਜ ਰਹੇ ਸਨ ਤੇ ਮਾਹੌਲ ਨੂੰ ਹੋਰ ਵੈਰਾਗਮਈ ਕਰ ਰਹੇ ਸਨ, "ਹਾਏ ਓ ਰੱਬਾ... ਮੇਰੇ ਪੁੱਤ ਦੀ ਲਾਸ਼... ਹਾਏ ਮੇਰੇ ਪੁੱਤ ਦਾ ਜਾਂਦੀ ਵਾਰ ਦਾ ਮੂੰਹ ਹੀ ਵਿਖਾ ਦਿਓ ਜ਼ਾਲਮੋਂ... ਹਾਏ ਮੇਰਾ ਸਾਊ ਪੁੱਤ... ਓਹਨੇ ਕਦੇ ਗਾਂ ਦੇ ਡ਼ਿਟੀ ਨ੍ਹੀ ਮਾਰੀ... ਹਾਏ ਓਹਨੂੰ ਮਾਰਤਾ ਬੁੱਚੜਾਂ ਨੇ... ਹੈਂਅ ਖੋਡਾ ਕੱਖ ਨਾ ਰਹੇ ਪੁਲਸ ਆਲਿਓ... ਹੈਂਅ ਥੋਡੇ ਪੁੱਤ ਮਰ ਜਾਣ... ਹਾਏ ਰੱਬਾ।"

ਸੱਥਰ 'ਤੇ ਬੈਠੇ ਹੋਰ ਲੋਕ ਵੀ ਆਪਸ ਵਿਚ ਗੱਲਾਂ ਕਰ ਰਹੇ ਸਨ, "ਲਹੂ ਲੱਗ ਗਿਐ ਜੀ ਪੁਲਸ ਦੇ ਮੂੰਹ ਨੂੰ।"

"ਹੁਣ ਤਾਂ ਜੀ ਗੋਲੀ ਮਾਰਨ ਲੱਗੇ ਪਲ ਨੀ ਲਾਉਂਦੇ"

"ਕਹਿਰ ਐ ਬਾਈ ਕਹਿਰ... ਮਾਰ ਕੇ ਲਾਸ਼ਾਂ ਵੀ ਨੀ ਦਿੰਦੇ ਬੁੱਚੜ"

"ਕੋਈ ਨ੍ਹੀ ਬਾਈ ਰੱਬ ਵੇਂਹਦੈ ਸਭ ਕੁਛ... ਕੀਤੀਆਂ ਭਰਨੀਆਂ ਵੀ ਪੈਣਗੀਆਂ।"

ਡਿੱਗੇ ਪਏ ਨੂੰ ਏਹਨੂੰ ਕੁਝ ਲੋਕ ਉਠਾਉਂਦੇ ਨੇ। ਪਾਣੀ ਦੇ ਛਿੱਟੇ ਮਾਰਦੇ ਨੇ।

"ਹੈਂਅ... ਹੈਂਅ... ਕੀ ਹੋ ਗਿਆ" ਇਹ ਅੱਭੜਵਾਹਿਆਂ ਵਾਂਗ ਕਰਨ ਲੱਗਾ ।

ਜਦੋਂ ਮੁੜ ਪੁੱਤਰ ਦੀ ਲਾਸ਼ ਵੇਖੀ ਹੈ ਤਾਂ ਦੂਰੋ 'ਪਾਲੀ ਕਮਲੇ' ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਕਮਲਾ ਉੱਚੀ-ਉੱਚੀ ਗਾ ਰਿਹਾ ਸੀ,

"ਜੋ ਕੁਛ ਬੀਜ ਸਨ ਏਸ ਜਹਾਨ ਉੱਤੇ ਉਹੀ ਰੋਜ਼ ਕਿਆਮਤੇ ਲੈਣਗੇ ਨੀ

ਬਦਲੇ ਮਿਲਣਗੇ ਕਰਨੀਆਂ ਭਰਨੀਆਂ ਦੇ ਜਦੋਂ ਹਸ਼ਰ ਨੂੰ ਮਾਮਲੇ ਪੈਣਗੇ ਨੀ"

ਨਾਲ ਦੇ ਕੁਝ ਬੰਦੇ ਇਸ ਦੇ ਮੁੰਡੇ ਦੀ ਲਾਸ਼ ਚੁੱਕਦੇ ਹਨ, ਇਸ ਨੂੰ ਕੋਈ ਸੁਰਤ ਨਹੀਂ। ਮਾੜੀ ਮੋਟੀ ਪੁਲਿਸ ਕਾਰਵਾਈ ਤੋਂ

ਬਾਅਦ ਮੁੰਡੇ ਦੀ ਲਾਸ਼ ਜਦੋਂ ਘਰ ਲਿਆਂਦੀ ਗਈ ਤਾਂ ਇਸ ਦੀ ਕੁੜੀ ਮਨਜੋਤ ਚੀਕ ਜਹੀ ਮਾਰ ਕੇ ਭੁੰਜੇ ਡਿੱਗ ਪਈ। ਕੁਝ ਬੁੜ੍ਹੀਆਂ ਨੇ ਉਸ ਨੂੰ ਹੋਸ਼ ਵਿਚ ਲਿਆਂਦਾ, ਪਰ ਕੁਝ ਚਿਰ ਬਾਅਦ ਉਹ ਫਿਰ ਬੇਹੋਸ਼ ਹੋ ਗਈ। ਜਦ ਮੁੰਡੇ ਦੀ ਲਾਸ਼ ਨੂੰ ਨਹਾਉਣ ਦੀ ਤਿਆਰੀ ਹੋਈ ਤਾਂ ਇਕ ਆਦਮੀ ਨੇ ਜਾ ਕੇ ਇਸ ਦੇ ਕੰਨ ਵਿਚ ਕਿਹਾ, "ਥਾਣੇਦਾਰ ਸਾਹਬ, ਮੁੰਡਾ ਨਹਾਉਣ ਦੀ ਹਾਲਤ ਵਿਚ ਨਹੀਂ, ਜੇ ਕਹੋਂ ਤਾਂ ਰਹਿਣ ਦੀਈਏ..."

"ਹੈਂਅ... ਹੈਂਅ... ਕੀ" ਇਸ ਦੇ ਮੂੰਹੋਂ ਹੋਰ ਸ਼ਬਦ ਨਾ ਨਿਕਲੇ।

ਕੁਝ ਬੰਦੇ ਇਸ ਨੂੰ ਉਠਾ ਕੇ ਮੁੰਡੇ ਦੀ ਲਾਸ਼ ਕੋਲ ਲੈ ਕੇ ਗਏ। ਇਹ ਡੌਰ-ਭੌਰ ਜਿਹਾ ਹੋਇਆ ਮੁੰਡੇ ਦੀ ਖਿਲਰੀ ਪਈ ਲੋਥ ਵੱਲ ਵੇਖਣ ਲੱਗਾ ਤੇ ਫੇਰ ਇਕ ਦਮ ਬੋਲਣ ਲੱਗ ਪਿਆ, "ਹੈਂਅ... ਹੈਂਅ... ਸੋਮਾਂ... ਸੋਮਾਂ ਐ ਏਹ ਤਾਂ... ਹੈਂਅ... ਇਹ ਏਥੇ ਕਿਵੇਂ ਆ ਗਿਆ... ਨਹੀਂ... ਨਹੀਂ... ਰਛਪਾਲ ਐ ਏਹ... ਏਹ ਤਾਂ ਮੈਂ ਮਾਰ ਦਿੱਤਾ ਸੀ... ਏਹ... ਨਹੀਂ... ਇਹ ਤਾਂ ਕੰਤਾ ਐ... ਕੁਲਵੰਤ... 'ਜੰਟੋ' ਦਾ ਭਰਾ... ਹੈਂਅ...।"

ਅਸਲ ਵਿਚ ਮੁੰਡੇ ਦੀ ਲਾਸ਼ ਵੇਖ ਕੇ ਇਸ ਦੀਆਂ ਅੱਖਾਂ ਮੂਹਰੇ ਪੁਰਾਣੇ ਦ੍ਰਿਸ਼ ਫੇਰ ਘੁੰਮਣ ਲੱਗ ਪਏ। ਥਾਣਿਆਂ ਵਿਚ 'ਅੱਤਵਾਦੀ' ਗਰਦਾਨ ਕੇ 'ਮੁੰਡਿਆਂ' 'ਤੇ ਕੀਤਾ ਗਿਆ ਟਾਰਚਰ ਤੇ ਮੁੰਡਿਆਂ ਦੀ ਤਰਸਯੋਗ ਹਾਲਤ ਇਸ ਦੀਆਂ ਅੱਖਾਂ ਮੂਹਰੇ ਆ ਗਈ। ਕਦੇ ਇਸ ਨੂੰ ਉਹ ਲਾਸ਼ ਜਗਰਾਓਂ ਨੇੜਲੇ ਪਿੰਡ ਦੇ ਮੁੰਡੇ ਸੋਮੇ ਦੀ ਲੱਗਣ ਲੱਗ ਪੈਂਦੀ ਸੀ, ਕਦੇ ਲੁਧਿਆਣੇ ਨੇੜਲੇ ਕਿਸੇ ਪਿੰਡ ਦੇ ਮੁੰਡੇ ਰਛਪਾਲ ਵਰਗੀ, ਜਿਸਦੇ ਇਨ੍ਹਾਂ ਨੇ ਪਲਾਸ ਨਾਲ ਦੰਦ ਖਿੱਚ ਦਿੱਤੇ ਸਨ ਤੇ ਲੱਤਾਂ ਹਥੌੜਿਆਂ ਨਾਲ ਕਈ ਥਾਵਾਂ ਤੋਂ ਤੋੜ ਦਿੱਤੀਆਂ ਸਨ।

ਕੁੜੀ ਦੀ ਤੇ ਇਸ ਦੀ ਇਹ ਹਾਲਤ ਵੇਖ ਕੇ ਕੁਝ ਸਿਆਣੇ ਬੰਦਿਆਂ ਨੇ ਛੇਤੀ ਨਾਲ ਬਿਨਾ ਨੁਹਾਏ ਮੁੰਡੇ ਦਾ ਸਸਕਾਰ ਕਰ ਦਿੱਤਾ।

ਕੁੜੀ ਨੂੰ ਲਗਾਤਾਰ ਕਈ ਦਿਨਾਂ ਤੱਕ ਦੰਦਲਾਂ ਪੈਂਦੀਆਂ ਰਹੀਆਂ ਤੇ ਉਹ ਬੇਹੋਸ਼ ਹੁੰਦੀ ਰਹੀ। ਉਸ ਦੀ ਹਾਲਤ ਹੁਣ ਨੀਮ ਪਾਗਲਾਂ ਵਰਗੀ ਹੋ ਗਈ ਸੀ। ਮੁੰਡੇ ਦੇ ਭੋਗ 'ਤੇ ਬੈਠੇ ਲੋਕ ਆਪਸ ਵਿਚ ਹੌਲੀ-ਹੌਲੀ ਗੱਲਾਂ ਕਰ ਰਹੇ ਸਨ।

"ਓ ਨਾਜਰ ਸਿਆਂ, ਰੱਬ ਨਾ ਦੀ ਕੋਈ ਚੀਜ਼ ਵੀ ਹੈਗੀ, ਓਹਤੋਂ ਨੀ ਲੁਕਿਆ ਕੁਛ... ਕਰਨੀਆਂ-ਭਰਨੀਆਂ ਸੁਰਗ-ਨਰਕ ਸਭ ਏਥੇ ਈ ਐ ਬਈ..."।

"ਆਹੋ ਬਈ... ਬੰਦੇ ਦੇ ਸਾਰੇ ਚੰਗੇ-ਮਾੜੇ ਕੀਤੇ ਦਾ ਫਲ ਏਥੇ ਈ ਮਿਲ ਜਾਂਦੈ...।"

"ਓ ਏਹਨੇ ਕੰਜਰ ਨੇ ਆਪ ਕਿਹੜਾ ਘੱਟ ਕੀਤੀਆਂ ਸੀ 'ਮੁੰਡਿਆਂ' ਨਾਲ... ਥੋਨੂੰ ਯਾਦ ਐ ਗੰਗੇ ਆਲਾ ਬਿੰਦਰ ਸਹੂੰ... ਕਸਾਈਆਂ ਨੇ ਓਹਦਾ ਸਾਰਾ ਸਰੀਰ ਪਟਰੌਲ ਪਾ-ਪਾ ਕੇ ਅੱਗ ਲਾ-ਲਾ ਸਾੜਤਾ ਸੀ..."।

"ਓ ਇਕ ਬਿੰਦਰ... ਓਹਦੇ ਵਰਗੇ ਸੈਂਕੜੇ ਮੁੰਡੇ ਮਾਰੇ ਏਹਨਾਂ ਕਸਾਈਆਂ ਨੇ, ਐਵੇਂ ਨੀ ਏਹਦਾ ਨਾ 'ਬੁੱਚੜ' ਪਾਇਆ ਲੋਕਾਂ ਨੇ। ...ਹੁਣ ਪਾਪ ਕੀਤੇ ਐ ਭਰਨੇ ਤਾਂ ਪੈਣਗੇ ਈ...।"

ਕੁਝ ਬੁੜ੍ਹੀਆਂ ਇਸ ਦੀ ਬੇਸੁਧ ਜਹੀ ਕੁੜੀ ਨੂੰ ਤੇ ਕੁਝ ਰਿਸ਼ਤੇਦਾਰ ਬੰਦੇ ਇਸ ਨੂੰ ਅੰਦਰ ਲੈ ਕੇ ਆਉਂਦੇ ਹਨ। ਜਦੋਂ ਇਹ ਅੰਦਰ ਵੜਦਾ ਹੈ ਤਾਂ ਬਾਬਾ ਜੀ ਉਦੋਂ ਤੁਕ ਪੜ੍ਹ ਰਹੇ ਸਨ

"ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥"

ਮੁੰਡੇ ਦੇ ਭੋਗ ਤੋਂ ਬਾਅਦ ਕੁੜੀ ਮਨਜੋਤ ਲੰਬਾ ਸਮਾਂ ਬਿਮਾਰ ਰਹੀ। ਡਾਕਟਰਾਂ ਨੇ ਦੱਸਿਆ ਕਿ ਕੁੜੀ ਆਪਣਾ ਮਾਨਸਿਕ ਸੰਤੁਲਨ ਗਵਾ ਬੈਠੀ ਹੈ ਤੇ ਇਸ ਨੂੰ 'ਪਾਗਲਖਾਨੇ' ਭੇਜ ਦੇਣਾ ਚਾਹੀਦਾ ਹੈ। ਪਰ ਇਹ ਕਹਿਣ ਲੱਗਾ, "ਮੈਂ ਫੂਕਣੈ ਐਨਾ ਪੈਸਾ... ਮੈਂ ਕੁੜੀ ਦਾ ਇਲਾਜ ਚੰਗੇ ਤੋਂ ਚੰਗੇ ਡਾਕਟਰ ਤੋਂ ਕਰਾਊਂਗਾ, ਪਰ ਪਾਗਲਖਾਨੇ ਨੀ ਭੇਜਣਾ ਕੁੜੀ ਨੂੰ... ਨਾਲੇ ਇਕੱਲਾ ਘਰ ਮੈਨੂੰ ਖਾਣ ਨੂੰ ਆਊਗਾ..."

ਸੋ ਇਸ ਨੇ ਪਹਿਲਾਂ ਤਾਂ ਸ਼ਹਿਰ ਦੇ ਸਭ ਤੋਂ ਚੰਗੇ ਮੋਨੋਵਿਗਿਆਨੀ ਡਾਕਟਰ ਤੋਂ ਕੁੜੀ ਦਾ ਇਲਾਜ਼ ਕਰਵਾਉਣਾ ਸ਼ੁਰੂ ਕੀਤਾ ਤੇ ਪਿੱਛੋਂ ਲੁਧਿਆਣੇ ਤੇ ਚੰਡੀਗੜ੍ਹ ਤੱਕ ਦੇ ਡਾਕਟਰ ਗਾਹ ਮਾਰੇ, ਪਰ... ਕੁੜੀ ਦੀ ਬੀਮਾਰੀ ਦਵਾਈਆਂ ਨਾਲ ਠੀਕ ਹੋਣ ਵਾਲੀ ਨਹੀਂ ਸੀ। ਉਸ ਨੂੰ ਸਦਮੇਂ ਹੀ ਐਸੇ ਲੱਗੇ ਸਨ ਕਿ...

ਅਸਲ ਵਿਚ ਕੁੜੀ ਦੀ ਮਾਂ ਉਸ ਨੂੰ ਉਸ ਦੇ ਪਿਓ ਦੁਆਰਾ ਮਾਸੂਮ ਲੋਕਾਂ 'ਤੇ ਕੀਤੇ ਜ਼ੁਲਮਾਂ ਬਾਰੇ ਕਾਫੀ ਕੁਝ ਦੱਸਦੀ ਰਹੀ ਸੀ। ਉਹ ਕਈ ਵਾਰ, ਜਦੋਂ ਆਪਣੀ ਬਿਮਾਰੀ ਤੋਂ ਬਹੁਤ ਤੰਗ ਆ ਜਾਂਦੀ ਤਾਂ ਕੁੜੀ ਨੂੰ ਕਹਿੰਦੀ, "ਸਰਾਪ ਐ ਪੁੱਤ ਜੋਤ ਆਪਣੇ ਘਰ ਨੂੰ ਤਾਂ ਸਰਾਪ... ਮਾਸੂਮ ਜਿੰਦੜੀਆਂ ਦਾ ਸਰਾਪ... ਕੌਲਿਆਂ ਨਾਲ ਲੱਗੀਆਂ ਖੜ੍ਹੀਆਂ ਪੁੱਤਾਂ ਨੂੰ ਉਡੀਕਦੀਆਂ ਮਾਵਾਂ ਦਾ ਸਰਾਪ... ਵੀਰਾਂ ਦੇ ਗੁੱਟ ਉਡਕਿਦੀਆਂ ਭੈਣਾਂ ਦੀਆਂ ਰੱਖੜੀਆਂ ਦਾ ਸਰਾਪ... ਅਰਾਮ ਕਰਨ ਦੀ ਉਮਰੇ ਖੇਤਾਂ ਵਿਚ ਧੱਕੇ ਖਾ ਰਹੇ ਬਜ਼ੁਰਗਾਂ ਦਾ ਸਰਾਪ... ਇਹ ਘਰ ਸਰਾਪਿਆਂ ਗਿਐ ਪੁੱਤ... ਆਪਾਂ ਏਸ ਸਰਾਪ ਤੋਂ ਨਹੀਂ ਬਚ ਸਕਦੇ ਧੀਏ... ਕਿਸੇ ਇੱਕ ਬੰਦੇ ਦੇ ਦਿਲੋਂ ਨਿਕਲੀ ਹੂਕ ਤੇ ਬਦ ਦੁਆ ਵਸਦੇ ਘਰ ਤਬਾਹ ਕਰ ਦਿੰਦੀ ਐ ਤੇ ਆਪਾਂ ਨੂੰ ਤਾਂ ਤੇਰੇ ਪਿਓ ਦੇ ਜ਼ੁਲਮਾਂ ਦੇ ਸ਼ਿਕਾਰ ਪਤਾ ਨਈਂ ਕਿੰਨੇ ਪਰਵਾਰਾਂ ਦੀਆਂ ਬਦ ਦੁਆਵਾਂ ਲੱਗੀਐਂ... ਆਪਾਂ ਨੀ ਬਚ ਸਕਦੇ... ਆਪਣਾ ਘਰ ਤਾਂ ਤਬਾਹ ਹੋਊਗਾ..."

ਤੇ ਜਦੋਂ ਕੁੜੀ ਨੇ ਆਪਣੇ ਭਰਾ ਦੀ ਲਾਸ਼ ਵੇਖੀ ਸੀ ਤਾਂ ਉਸ ਦੇ ਦਿਮਾਗ ਵਿੱਚ ਮਾਂ ਦੀਆਂ ਇਹੀ ਸਾਰੀਆਂ ਗੱਲਾਂ ਘੁੰਮ ਗਈਆਂ ਸਨ, ਜਿਸ ਤੋਂ ਬਾਅਦ ਉਹ ਗਸ਼ ਖਾ ਬੇਸੁਰਤ ਹੋ ਕੇ ਡਿੱਗ ਪਈ ਸੀ ਤੇ ਮੁੜ ਕਦੀ ਵੀ ਸੁਰਤ ਵਿਚ ਨਹੀਂ ਆਈ।

ਕੁੜੀ ਦੀ ਬੀਮਾਰੀ ਠੀਕ ਹੋਣ ਦੀ ਬਜਾਏ ਵਧ ਗਈ ਸੀ। ਹੁਣ ਉਸ ਨੂੰ ਅਕਸਰ ਦੌਰੇ ਜਿਹੇ ਪੈਣ ਲੱਗੇ ਸਨ। ਜਿਆਦਾਤਰ ਤਾਂ ਉਹ ਕੁੜੀ ਨੂੰ ਨੀਂਦ ਦੀਆਂ ਗੋਲੀਆਂ ਦੇ ਕੇ ਸਵਾਈ ਰੱਖਦਾ ਸੀ। ਪਰ ਜਦੋਂ ਕੁੜੀ ਨੂੰ ਦੌਰਾ ਪੈਂਦਾ ਤਾਂ ਉਸ ਦੀ ਹਾਲਤ ਵੇਖੀ

ਨਹੀਂ ਸੀ ਜਾਂਦੀ। ਐਸੀ ਹਾਲਤ ਵਿਚ ਉਹ ਕਈ ਵਾਰ ਆਪਣੇ ਪਿਓ ਮੂਹਰੇ ਤੇ ਕਈ ਵਾਰ ਘਰੋਂ ਬਾਹਰ ਬੀਹੀ ਵਿੱਚ ਨਿਕਲ ਕੇ ਆਪਣੇ ਲੀੜੇ ਪਾੜ ਕੇ ਸੁੱਟ ਦਿੰਦੀ ਸੀ। ਕਈ ਵਾਰ ਇਹ ਕੁੜੀ ਨੂੰ ਅਜਿਹਾ ਕਰਨ ਕਰਕੇ ਕੁੱਟ ਵੀ ਦਿੰਦਾ। ਪਰ ਕੁੜੀ ਦਾ ਕਸੂਰ ਕੀ ਸੀ। ਉਸ ਨੂੰ ਤਾਂ ਜਵਾਂ ਸੁਰਤ ਨਹੀਂ ਸੀ।

ਇੱਕ ਦਿਨ ਇਹਨਾਂ ਦੇ ਕੁਝ ਗੁਆਂਢੀ ਆਪਸ ਵਿਚ ਗੱਲਾਂ ਕਰ ਰਹੇ ਸਨ, "ਵੇਖਲਾ ਬਈ ਹਰਪਾਲ, ਏਦੂ ਨਰਕ ਕਿਸੇ ਬੰਦੇ ਲਈ ਕੀ ਹੋਊ... ਜੀਹਦੀ ਜਵਾਨ ਧੀ ਓਹਦੇ ਮੂਹਰੇ ਲੀੜੇ ਲਾਹ ਸੁੱਟੇ..."

"ਓ ਭਰਾਵਾਂ ਕਹਿੰਦੇ ਹੁੰਦੇ ਆ ਨਾ ਬੀ ਰੱਬ ਦੀ ਡਾਂਗ 'ਵਾਜ ਨੀ ਕਰਦੀ... ਸ਼ੈਦ ਤੈਨੂੰ ਨੀ ਪਤਾ ਬੀ ਥਾਣੇ 'ਚ 'ਮੁੰਡਿਆਂ' ਦੀਆਂ ਮਾਵਾਂ ਭੈਣਾ ਨਾਲ ਇਹ ਕੀ ਸਲੂਕ ਕਰਦੇ ਰਹੇ ਐ। ਕਹਿੰਦੇ ਐ ਬੀ ਬੱਬਰਾਂ ਦੇ ਇੱਕ ਚੋਟੀ ਦੇ ਖਾੜਕੂ ਦੀ ਘਰਆਲੀ ਨੂੰ ਏਹਨੇ ਕਈ ਦਿਨ ਬਿਨਾ ਕੱਪੜਿਆਂ ਤੋਂ ਥਾਣੇ 'ਚ ਪੁੱਠੀ ਲਮਕਾਈ ਰੱਖਿਆ ਸੀ। ਕਈ ਮੁੰਡਿਆਂ ਦੇ ਸਾਹਮਣੇ ਉਹਨਾਂ ਦੀਆਂ ਧੀਆਂ ਭੈਣਾ ਨੂੰ ਨੰਗੀਆਂ ਕਰਕੇ ਕਈ-ਕਈ ਦਿਨ ਬਿਠਾਈ ਰੱਖਦੇ ਸਨ, ਮਾਨਸਿਕ ਤਸ਼ੱਦਦ ਲਈ... ਤੂੰ ਸੋਚ ਲਾ ਬੀ ਉਹਨਾਂ ਵਿਚਾਰਿਆਂ 'ਤੇ ਕੀ ਬੀਤਦੀ ਹੋਊ... ਤੇ ਹੁਣ ਜੋ ਕੀਤੀਐ ਉਹ ਭਰਨੀਆਂ ਤਾਂ ਪੈਣਗੀਆਂ ਨਾ..."

ਗੁਆਂਢੀਆਂ ਦੀਆਂ ਇਹ ਗੱਲਾਂ ਇਸ ਨੂੰ ਵੀ ਸੁਣ ਗਈਆਂ। ਇਹ ਬੜੀ ਕਾਹਲੀ ਨਾਲ ਰਸੋਈ ਵਿੱਚ ਗਿਆ ਤੇ ਸ਼ਰਾਬ ਦੀ ਬੋਤਲ ਚੁੱਕ ਕੇ ਮੂੰਹ ਨੂੰ ਲਾ ਲਈ।

ਇੱਕ ਦਿਨ ਜਦੋਂ ਇਹ ਵਿਹੜੇ ਵਿਚੋਂ ਕੁੜੀ ਦੁਆਰਾ ਪਾੜ ਕੇ ਸੁੱਟੇ ਉਸਦੇ ਲੀੜੇ ਚੁੱਕ ਰਿਹਾ ਸੀ ਤਾਂ ਇੱਕਦਮ ਇਸ ਨੇ ਚੀਕ ਮਾਰੀ ਤੇ ਲੀੜੇ ਉੱਥੇ ਸੁੱਟ ਕੇ ਬਾਹਰ ਨੂੰ ਭੱਜ ਗਿਆ। ਜਿਵੇਂ ਕਿਸੇ ਨੂੰ ਜਦੋਂ ਬਹੁਤ ਘਬਰਾਹਟ ਜਹੀ ਚੜ੍ਹ ਜਾਵੇ ਤੇ ਉਹ ਭੱਜਣ ਲੱਗਦਾ ਹੈ। ਇਸ ਨਾਲ ਵੀ ਉਵੇਂ ਹੀ ਵਾਪਰਿਆ। ਅਸਲ

ਵਿਚ ਇਸ ਨੂੰ ਜਗਰਾਵਾਂ ਥਾਣੇ ਦੀ ਇੱਕ ਘਟਨਾਂ ਚੇਤੇ ਆ ਗਈ ਸੀ।

ਕਾਉਂਕੇ ਪਿੰਡ ਦੇ ਇੱਕ ਖਾੜਕੂ ਦੀ ਭੈਣ ਤੇ ਪਿਉ ਨੂੰ ਇਹਨਾਂ ਨੇ ਕਈ ਦਿਨਾਂ ਤੋਂ ਥਾਣੇ ਬਿਠਾਇਆ ਹੋਇਆ ਸੀ। ਕੁੜੀ ਵਿਚਾਰੀ ਕਈ ਦਿਨਾਂ ਤੋਂ ਪਿਉ ਦੇ ਮੂਹਰੇ ਬਿਨਾਂ ਕੱਪੜਿਆਂ ਤੋਂ ਬਹਾਈ ਹੋਈ ਸੀ। ਇੱਕ ਦਿਨ ਇਸ ਨੇ ਉਸ ਕੁੜੀ ਦੇ ਪਿਉ ਦੀ ਪੁੜਪੁੜੀ 'ਤੇ ਪਿਸਤੌਲ ਲਾ ਕੇ ਕੁੜੀ ਨੂੰ ਕਿਹਾ, "ਚੱਲ ਖੜ੍ਹੀ ਹੋ... ਜਵਾਂ ਸਿੱਧੀ"

ਉਹ ਕੁੜੀ ਵਿਚਾਰੀ ਕੁਰਲਾ ਰਹੀ ਸੀ ਤੇ ਉਵੇਂ ਹੀ ਬੈਠੀ ਰਹੀ। ਇਸ ਨੇ ਇੱਕ ਫਾਇਰ ਉਸ ਦੇ ਪਿਉ ਦੇ ਸਿਰ ਉੱਤੋਂ ਦੀ ਕੱਢ ਦਿੱਤਾ। ਕੁੜੀ ਚੀਕ ਮਾਰ ਕੇ ਖੜ੍ਹੀ ਹੋ ਗਈ। ਫੇਰ ਇਸ ਨੇ ਕਮੀਨਗੀ ਦੀਆਂ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਕੁੜੀ ਨੂੰ ਕਿਹਾ, "ਜੇ ਆਵਦੇ ਪਿਓ ਦੀ ਸਲਾਮਤੀ ਚਾਹੁੰਦੀ ਐਂ ਤਾਂ ਚੱਲ ਨੱਚ ਕੇ ਵਿਖਾ... ਗਿੱਧਾ ਪਾ ਕੇ ਵਿਖਾ ਸਾਰਿਆਂ ਨੂੰ... ਚੱਲ ਕੁੱਤੀਏ ਸੁਣਦਾ ਨੀ..."

ਤੇ ਉਹ ਕੁੜੀ ਵਿਚਾਰੀ...

ਤੇ ਅੱਜ ਜਦੋਂ ਇਹ ਆਪਣੀ ਕੁੜੀ ਦੇ ਲੀੜੇ ਵਿਹੜੇ ਵਿਚੋਂ ਚੁੱਕ ਰਿਹਾ ਸੀ ਤਾਂ ਇਹੀ ਭਿਆਨਕ ਘਟਨਾਂ ਇਸ ਨਾਲ ਵਾਪਰ ਗਈ। ਇਸ ਦੀ ਕੁੜੀ ਅਲਫ ਨੰਗੀ ਹਾਲਤ ਵਿੱਚ ਨੱਚਦੀ-ਨੱਚਦੀ ਕਮਰੇ ਤੋਂ ਬਾਹਰ ਆ ਗਈ, ਇੱਕਦਮ ਇਸ ਨੂੰ ਇੰਝ ਲੱਗਿਆ ਜਿਵੇਂ ਕਿਸੇ ਨੇ ਸਿਰ ਵਿਚ ਮਣਾ ਮੂੰਹੀਂ ਭਾਰਾ ਪੱਥਰ ਮਾਰਿਆ ਹੋਵੇ ਤੇ ਇਸ ਦੇ ਸਿਰ ਦੇ ਟੁਕੜੇ-ਟੁਕੜੇ ਹੋ ਗਏ ਹੋਣ... ਤੇ ਬਿਨਾਂ ਕੁੜੀ ਵੱਲ ਵੇਖੇ ਇਹ ਬਾਹਰ ਨੂੰ ਭੱਜ ਲਿਆ। ਪਰ ਕੁੜੀ ਉਵੇਂ ਹੀ ਬੇ-ਢਬੇ ਜਹੇ ਢੰਗ ਨਾਲ ਨੱਚਦੀ ਰਹੀ।

ਆਖਰਕਾਰ ਕੁੜੀ ਦੀ ਹਾਲਤ ਏਨੀ ਮਾੜੀ ਹੋ ਜਾਣ ਕਰਕੇ ਉਸ ਨੂੰ ਪਾਗਲਖਾਨੇ ਭੇਜਣਾ ਹੀ ਪਿਆ।

ਤੇ ਅੱਜ ਇਸ ਨੂੰ ਮੰਜੇ 'ਤੇ ਪਏ ਨੂੰ ਸੁਪਨਾ ਆਇਆ ਕਿ ਇਹਨਾਂ ਦੁਆਰਾ ਮਾਰ ਕੇ ਅਣਪਛਾਤੇ ਕਹਿ ਸਾੜੇ ਗਏ ਸਾਰੇ ਮੁੰਡੇ ਸਿਵਿਆਂ ਵਿਚੋਂ ਉੱਠ ਖੜੋਤੇ ਤੇ ਉਹਨਾਂ ਦੇ ਨਾਲ ਦਰਿਆਵਾਂ ਨਹਿਰਾਂ ਵਿਚੋਂ ਨਿਕਲ ਕੇ ਕਈ ਹੋਰ ਮੁੰਡੇ ਰਲ ਗਏ ਤੇ ਉਹ ਉੱਚੀ-ਉੱਚੀ ਆਪਣੇ ਨਾਮ ਬੋਲ ਰਹੇ ਹਨ। ਜਿਵੇਂ-ਜਿਵੇਂ ਉਹ ਆਪਣੇ ਨਾਮ ਲੈਂਦੇ ਹਨ ਉਵੇਂ-ਉਵੇਂ ਇਸ ਨੂੰ ਆਪਣੇ ਸੀਨੇ ਵਿੱਚ ਗੋਲੀਆਂ ਵੱਜਦੀਆਂ ਪ੍ਰਤੀਤ ਹੁੰਦੀਆਂ ਸਨ ਤੇ ਇਹ ਚੀਕ ਜਹੀ ਮਾਰ ਕੇ ਉੱਠ ਖੜੋਤਾ ਸੀ...

"ਹਾਇ ਛੱਡ ਦਿਓ ਮੈਨੂੰ... ਮੈਨੂੰ ਨਾ ਮਾਰੋ... ਹਾਏ ਉੱਪਰੋਂ ਆਡਰ ਸਨ... ਮੈਂ ਕੁਝ ਨਹੀਂ ਕੀਤਾ..."

ਪਾਣੀ ਪੀ ਕੇ ਜਦੋਂ ਇਹ ਆਪਣੇ ਮੰਜੇ 'ਤੇ ਆਣ ਬੈਠਾ ਤਾਂ ਗੁਰਦੁਆਰੇ ਦਾ ਸਪੀਕਰ ਖੜਕ ਰਿਹਾ ਸੀ।

"ਸ਼ੈਂਤ ਚਾਰ ਵੱਜ ਗਏ ਐ" ਇਸ ਨੇ ਮਨ ਵਿਚ ਸੋਚਿਆ।

ਭਾਈ ਜੀ ਨੇ ਫਤਹਿ ਬੁਲਾ ਕੇ ਸ਼ਬਦ ਪੜਣਾ ਸ਼ੁਰੂ ਕੀਤਾ,

"ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥

ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥"

ਇਹ ਮੰਜੇ 'ਤੇ ਬੈਠਾ ਆਪਣੀ ਪਤਨੀ ਦੀ ਕਹੀ ਗੱਲ ਚੇਤੇ ਕਰ ਰਿਹਾ ਸੀ,

"ਇਹ ਸਰਾਪ ਆਪਣੇ ਤੋਂ ਸੱਤ ਜਨਮਾਂ ਤੱਕ ਨਈ ਲਹਿਣਾ ਮੀਤ ਦੇ ਬਾਪੂ"

"...ਤੇ ਕੀ ਇਹ ਸਰਾਪ ਸੱਤ ਜਨਮਾਂ ਤੋਂ ਬਾਅਦ ਮੇਰਾ ਪਿੱਛਾ ਛੱਡ ਦੇਵੇਗਾ..." ਇਹ ਬੈਠਾ ਮਨ ਵਿਚ ਸੋਚ ਰਿਹਾ ਸੀ।

"ਜ਼ਾਲਮ ਤਾਂ ਅਜੇ ਵੀ ਬਥੇਰੇ ਜਿਉਂਦੇ ਨੇ"

"ਕੀ ਗੱਲ ਐ ਬੇਬੇ......? ਅੱਜ ਫੇਰ ਦਾਲ...... ਕਿੰਨੇ ਦਿਨ ਹੋਗੇ...... ਤੂੰ ਰੋਜ਼ ਦਾਲ ਈ ਬਣਾ ਲੈਨੀਂ ਐਂ......" ਪਿਛਲੇ ਕੁਝ ਦਿਨਾਂ ਤੋਂ ਘਰੇ ਰੋਜ਼ ਦਾਲ ਹੀ ਬਣ ਰਹੀ ਸੀ ਤੇ ਅੱਜ ਕੁਝ ਹੈਰਾਨ ਹੋ ਕੇ ਮਨਵੀਰ ਨੇ ਮਾਂ ਨੂੰ ਇਸ ਦਾ ਕਾਰਨ ਪੁੱਛਿਆ...... ਪਰ ਮਾਂ ਕੁਝ ਨਾ ਬੋਲੀ। ਫਿਰ ਮਨਵੀਰ ਨੂੰ ਯਾਦ ਆਇਆ ਕਿ ਇਹ ਤਾਂ ਦਿਸੰਬਰ ਦੇ ਆਖਰੀ ਦਿਨ ਚੱਲ ਰਹੇ ਸਨ। ਰੋਟੀ ਖਾ ਕੇ ਜਦ ਮਨਵੀਰ ਰਸੋਈ ਵਿਚ ਭਾਂਡੇ ਰੱਖਣ ਗਿਆ ਤਾਂ ਉਸ ਨੇ ਸੁਣਿਆਂ ਕਿ ਮਾਤਾ ਬੜੇ ਵੈਰਾਗ ਵਿਚ ਕੁਝ ਗਾ ਰਹੀ ਸੀ,

"ਘੋੜੀ ਤੇ ਚੜ੍ਹਿਆ ਮਾਤਾ ਸੁੰਦਰੀ ਦਾ ਜਾਇਆ,
ਪਿਤਾ ਏ ਜੀਹਦਾ ਹਿੰਦ ਦਾ ਪੀਰ ਨੀ
ਦਾਦੇ ਰੰਗ ਰੰਗਿਆ ਆਪਣੀ ਦਾਦੀ ਦਾ ਲਾਡਲਾ
ਵੀਰਾਂ 'ਚੋਂ ਵੱਡਾ ਸੂਰਵੀਰ ਨੀ
ਖੱਬੇ ਤੇ ਮੋਢੇ ਉੱਤੇ ਸਜਦੀ ਕਮਾਨ ਏਂ
ਸੱਜੇ ਮੋਢੇ ਤੇ ਭੱਥਾ ਤੀਰ ਨੀ,
ਸਗਨਾਂ ਦਾ ਬਾਣਾ ਤੱਕ ਕੇ ਕਹਿੰਦਾ ਜੁਝਾਰ ਸਿੰਘ
ਫੱਬਦਾ ਏ ਕਿੰਨਾ ਯੋਧਾ ਵੀਰ ਨੀ......"

ਜਿਵੇਂ-ਜਿਵੇਂ ਮਾਂ ਗਾ ਰਹੀ ਸੀ ਉਵੇਂ-ਉਵੇਂ ਹੀ ਉਹ ਆਪਣੀਆਂ ਅੱਖਾਂ ਵਿਚੋਂ ਲਗਾਤਾਰ ਹੰਝੂ ਵਹਾ ਰਹੀ ਸੀ।

ਮਨਵੀਰ ਨੇ ਮਾਂ ਕੋਲ ਜਾ ਕੇ ਪੁੱਛਿਆ, "ਕੀ ਗੱਲ ਆ ਬੇਬੇ?... ਕਿੰਨੇ ਸਾਲਾਂ ਤੋਂ ਮੈਂ ਵੇਖ ਰਿਹਾਂ... ਕਿ ਜਦੋਂ ਦਿਸੰਬਰ ਦੇ ਆਹ ਦਿਨ ਆਉਂਦੇ ਨੇ ਤਾਂ ਘਰੇ ਹਮੇਸ਼ਾਂ ਸਾਦੀ ਰੋਟੀ ਬਣਦੀ ਹੈ ਤੇ ਤੂੰ ਇਹਨਾਂ ਦਿਨਾਂ ਵਿਚ ਰੋਂਦੀ ਰਹਿਣੀ ਐਂ...... ਹੁਣ ਤਾਂ ਮੈਂ ਵੱਡਾ ਹੋ ਗਿਆਂ...... ਮੈਨੂੰ ਵੀ ਦੱਸ... ਪਿਛਲੇ ਸਾਲ ਤੂੰ ਕਹਿੰਦੀ ਸੀ ਜਦੋਂ ਤੂੰ ਵੱਡਾ ਹੋ ਗਿਆ, ਫੇਰ

ਦੱਸੂੰਗੀ...... ਦੱਸ ਮਾਂ ਗੱਲ ਕੀ ਐ?"

ਮਨਵੀਰ ਨੇ ਮਾਂ ਨੂੰ ਉਸ ਦਾ ਪਿਛਲੇ ਸਾਲ ਕੀਤਾ ਵਾਅਦਾ ਯਾਦ ਕਰਵਾਇਆ। ਮਨਵੀਰ ੧੩-੧੪ ਸਾਲਾਂ ਦਾ ਬੜਾ ਸਿਆਣਾ ਮੁੰਡਾ ਸੀ। ਉਸ ਦੇ ਮਾਤਾ ਪਿਆ ਗੁਰਸਿੱਖ ਸਨ। ਉਸ ਦਾ ਪਿਤਾ ਤਾਂ ਚਾਹੁੰਦਾ ਸੀ ਕਿ ਮਨਵੀਰ ਨੂੰ ਵੀ ਅੰਮ੍ਰਿਤ ਛਕਾ ਦਿਤਾ ਜਾਵੇ, ਪਰ ਮਾਂ ਨੇ ਕਿਹਾ ਅਜੇ ਇਸ ਨੂੰ ਥੋੜਾ ਵੱਡਾ ਹੋ ਲੈਣ ਦਿਓ, ਫੇਰ ਛਕਾ ਲਵਾਂਗੇ।

ਮਨਵੀਰ ਦੀ ਮਾਂ ਦਾ ਸਾਰਾ ਪੇਕਾ ਪਰਿਵਾਰ ਗੁਰਮਤਿ ਦਾ ਧਾਰਨੀ ਸੀ। ਉਸ ਨੂੰ ਛੋਟੀ ਹੁੰਦੀ ਤੋਂ ਗੁਰਬਾਣੀ ਅਤੇ ਸਿਖ ਇਤਿਹਾਸ ਦੀ ਸਿੱਖਿਆ ਦਿੱਤੀ ਗਈ ਸੀ। ਮਨਵੀਰ ਦੇ ਨਾਨਾ ਜੀ ਬੜੀ ਸ਼ਰਧਾ ਭਾਵਨਾ ਵਾਲੇ ਗੁਰਸਿੱਖ ਸਨ। ਮਾਂ ਨੂੰ ਯਾਦ ਸੀ ਕਿ ਦਿਸੰਬਰ ਦੇ ਇਹਨਾਂ ਦਿਨਾਂ ਵਿਚ ਉਸ ਦੇ ਬਾਪੂ ਜੀ ਭੁੰਜੇ ਹੀ ਸੌਂਦੇ ਹੁੰਦੇ ਸਨ ਅਤੇ ਘਰੇ ਸਾਦਾ ਪ੍ਰਸ਼ਾਦਾ ਪਾਣੀ ਬਣਦਾ ਹੁੰਦਾ ਸੀ। ਉਹੀ ਪ੍ਰੰਪਰਾ ਮਨਵੀਰ ਦੀ ਮਾਂ ਨੇ ਆਪਣੇ ਸਹੁਰੇ ਘਰੇ ਵੀ ਜਾਰੀ ਰੱਖੀ ਹੋਈ ਸੀ।

ਦਿਸੰਬਰ ਦੇ ਇਹਨਾਂ ਕਹਿਰੀ ਦਿਨਾਂ ਦਾ ਇਤਿਹਾਸ ਉਸ ਨੇ ਅਜੇ ਮਨਵੀਰ ਨੂੰ ਨਹੀਂ ਸੁਣਾਇਆ ਸੀ ਕਿਉਂਕਿ ਉਹ ਹਰ ਛੋਟੀ ਤੋਂ ਛੋਟੀ ਘਟਨਾਂ ਨੂੰ ਦਿਲ 'ਤੇ ਲਾ ਲੈਂਦਾ ਸੀ ਤੇ ਇਹ ਘਟਨਾਵਾਂ ਤਾਂ ਐਸੀਆਂ ਸਨ ਕਿ ਕਿਸੇ ਪੱਥਰ ਦਿਲ ਨੂੰ ਵੀ ਮੋਮ ਵਾਂਗ ਪਿਘਲਾ ਦਿੰਦੀਆਂ ਸਨ। ਉਸ ਦੀ ਮਾਂ ਨੇ ਸੋਚ ਲਿਆ ਸੀ ਕਿ ਅੱਜ ਉਹ ਮਨਵੀਰ ਨੂੰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੇ ਸਾਕੇ ਜਰੂਰ ਸੁਣਾਏਗੀ। ਸੋ ਉਸ ਨੇ ਮਨਵੀਰ ਨੂੰ ਕੋਲ ਬਿਠਾ ਲਿਆ ਤੇ ਦੱਸਣਾ ਸ਼ੁਰੂ ਕੀਤਾ ਕਿ ਕਿਉਂ ਉਸ ਦੇ ਇਹਨਾਂ ਦਿਨਾਂ ਵਿਚ ਅੱਥਰੂ ਵਹਿੰਦੇ ਰਹਿੰਦੇ ਸਨ ਤੇ ਕਿਉਂ ਉਹਨਾਂ ਦੇ ਘਰ ਸਾਦਾ ਭੋਜਨ ਬਣਦਾ ਸੀ। ਸ਼ਹੀਦੀਆਂ ਦੀਆਂ ਇਹ ਗਾਥਾਵਾਂ ਸੁਣਦੇ ਹੋਏ ਮਾਂ ਦੇ ਨਾਲ-ਨਾਲ ਮਨਵੀਰ ਵੀ ਕਈ ਵਾਰੀ ਰੋਇਆ। ਅੰਤ ਜ਼ਾਲਮ ਹਾਕਮਾਂ ਦੇ ਜ਼ੁਲਮਾਂ, ਭਰੋਸੇਮੰਦਾਂ ਦੀਆਂ ਗੱਦਾਰੀਆਂ ਅਤੇ ਯੋਧਿਆਂ ਦੀ ਸੂਰਮਤਾਈ ਦਾ ਇਹ ਸਾਰਾ ਇਤਿਹਾਸ ਸੁਣ ਕੇ ਮਨਵੀਰ ਦੇ ਲੂ ਕੰਡੇ ਖੜ੍ਹੇ ਹੋ ਗਏ। ਉਸ ਦਾ ਦਿਲ ਬੜੇ ਜ਼ੋਰ ਨਾਲ ਧੜਕ ਰਿਹਾ ਸੀ। ਉਹ ਚੁੱਪ ਚਪੀਤੇ ਉੱਠ ਕੇ ਆਪਣੇ ਮੰਜੇ 'ਤੇ ਜਾ ਕੇ ਪੈ ਗਿਆ। ਅੱਜ ਉਸ ਨੇ ਆਪਣੀ ਮਾਂ ਨੂੰ ਇਹ

ਵੀ ਨਹੀਂ ਕਿਹਾ, "ਬੇਬੇ ਮੈਨੂੰ ਦੁੱਧ ਮੰਜੇ 'ਤੇ ਦੇ ਦੇਈਂ"।

ਪੈਂਦ ਵੱਲ ਪਈ ਰਜ਼ਾਈ ਖਿੱਚ ਕੇ ਉਸ ਨੇ ਉੱਤੇ ਲੈ ਲਈ ਤੇ ਸੌਣ ਦੀ ਕੋਸ਼ਿਸ਼ ਕਰਨ ਲੱਗਾ। ਪਰ ਨੀਂਦ?...... ਨੀਂਦ ਅੱਜ ਉਸ ਨੂੰ ਏਨੀ ਛੇਤੀ ਨਹੀਂ ਆਉਣੀ ਸੀ।

ਗੰਗੂ ਬਾਹਮਣ, ਵਜੀਰ ਖਾਨ ਤੇ ਸੁੱਚਾ ਨੰਦ ਉਸ ਦੀਆਂ ਅੱਖਾਂ ਮੂਹਰੇ ਉੱਚੀ-ਉੱਚੀ ਹੱਸਦੇ ਫਿਰਦੇ ਸਨ। ਕਾਫੀ ਦੇਰ ਬਾਅਦ ਜਦੋਂ ਉਸ ਦੀ ਮਾੜੀ ਜਹੀ ਅੱਖ ਲੱਗੀ ਤਾਂ ਉਸ ਨੂੰ ਇੱਕ ਢੱਠੀ ਹੋਈ ਲਹੂ ਲੁਹਾਣ ਕੰਧ ਦਿਖਾਈ ਦਿੱਤੀ। ਉਸ ਦੀਆਂ ਖਿੱਲਰੀਆਂ ਇੱਟਾਂ ਉੱਤੇ ਲਹੂ ਨਾਲ ਲੱਥ-ਪੱਥ ਕੇਸਰੀ ਬਾਣਿਆਂ ਵਿਚ ਦੋਹਾਂ ਛੋਟੇ ਸਾਹਿਬਜਾਦਿਆਂ ਦੀਆਂ ਦੇਹਾਂ ਪਈਆਂ ਸਨ। ਫੇਰ ਉਸ ਨੂੰ ਢਿੰਡੋਰਾ ਸੁਣਾਈ ਦਿੱਤਾ, "ਸੁਣੋ ਸੁਣੋ ਸੁਣੋ...... ਸੂਬਾ ਏ ਸਰਹੰਦ... ਨਵਾਬ ਵਜੀਰ ਖਾਨ ਦਾ ਹੁਕਮ ਹੈ ਕਿ ਸਰਹੰਦ ਦਾ ਕੋਈ ਵੀ ਵਾਸੀ ਹਕੂਮਤ ਦੇ ਬਾਗੀ ਗੋਬਿੰਦ ਸਿੰਘ ਦੇ ਇਨ੍ਹਾਂ ਕਾਫਰ ਬੱਚਿਆਂ ਦੀਆਂ ਲਾਸ਼ਾਂ ਨੂੰ ਹੱਥ ਨਹੀਂ ਲਗਾਏਗਾ। ਇਹਨਾਂ ਨੂੰ ਕਾਵਾਂ ਤੇ ਕੁੱਤਿਆਂ ਲਈ ਸੁਟਿਆ ਗਿਆ ਹੈ। ਜੇ ਕਿਸੇ ਨੇ ਇਹਨਾਂ ਲਾਸ਼ਾਂ ਨਾਲ ਕੋਈ ਹਮਦਰਦੀ ਵਿਖਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਘਾਣ ਬੱਚਾ ਪੀੜ ਦਿੱਤਾ ਜਾਏਗਾ...... ਡੁੱਗ...ਡੁੱਗ...ਡੁੱਗਗਗਗਗਗ" ਡੁੱਗ-ਡੁੱਗ ਦੀ ਇਹ ਆਵਾਜ਼ ਸੁਣ ਕੇ ਮਨਵੀਰ ਤ੍ਰਭਕ ਕੇ ਉੱਠਿਆ। ਆਸੇ-ਪਾਸੇ ਦੇਖ ਕੇ ਉਸ ਨੂੰ ਪਤਾ ਲੱਗਿਆ ਕਿ ਇਹ ਤਾਂ ਸੁਪਨਾ ਸੀ। ਉਹ ਸੋਚਣ ਲੱਗਾ ਕਿ ਸਾਹਿਬਜਾਦਿਆਂ ਦੀਆਂ ਲਾਸ਼ਾਂ ਨਾਲ ਜ਼ਾਲਮਾਂ ਦਾ ਕੀ ਵੈਰ ਸੀ। ਕੋਈ ਏਨਾ ਜ਼ਾਲਮ ਕਿਵੇਂ ਹੋ ਸਕਦਾ ਹੈ। ਕੁਝ ਦੇਰ ਉਹ ਪਿਆ ਛੱਤ ਵੱਲ ਵੇਖਦਾ ਰਿਹਾ ਤੇ ਫੇਰ ਹੌਲੀ-ਹੌਲੀ ਉਸ ਦੀ ਅੱਖ ਲੱਗ ਗਈ,

ਔਤਕੀਂ ਉਸ ਨੂੰ ਇੱਕ ਹੋਰ ਨਜ਼ਾਰਾ ਦਿਖਾਈ ਦਿੱਤਾ। ਉਸ ਨੇ ਰਜ਼ਾਈ ਘੁੱਟ ਕੇ ਉੱਪਰ ਲੈ ਲਈ ਕਿਉਂਕਿ ਠੰਡੇ ਬੁਰਜ ਉੱਤੇ ਵਗਦੀ ਠੰਡੀ ਯਖ ਹਵਾ ਨਾਲ ਉਸ ਨੂੰ ਠੰਡ ਲੱਗਦੀ ਮਹਿਸੂਸ ਹੋਈ। ਪਰ ਉਸੇ ਬੁਰਜ 'ਤੇ ਬਿਨਾਂ ਕਿਸੇ ਖੇਸ, ਕੰਬਲ ਜਾਂ ਗਰਮ ਕੱਪੜਿਆਂ ਤੋਂ ਦੋ ਮਾਸੂਮ ਇੱਕ ਬੁੱਢੀ ਮਾਂ ਦੀ ਗੋਦ ਵਿਚੋਂ ਨਿੱਘ ਲੈਣ ਦਾ ਯਤਨ ਕਰ ਰਹੇ ਸਨ ਤੇ ਨਾਲ ਹੀ ਪੁੱਛ ਰਹੇ ਸਨ,

"ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ,
ਦਰਯਾ ਪੇ ਹਮੇਂ ਛੋੜ ਕੇ ਰਾਹੀ ਕਿਧਰ ਗਏ
ਤੜਪਾ ਕੇ ਹਾਇ ਸੂਰਤਿ ਮਾਹੀ ਕਿਧਰ ਗਏ,
ਅੱਖਾ ਭਗਾ ਕੇ ਲਸ਼ਕਰ ਸ਼ਾਹੀ ਕਿਧਰ ਗਏ"

ਤੇ ਫੇਰ ਇੱਕਦਮ ਮਨਵੀਰ ਨੂੰ ਦਿਸਿਆ ਕਿ ਕੁਝ ਬਰਛਿਆਂ ਵਾਲੇ ਸਿਪਾਹੀ ਸਾਹਿਬਜ਼ਾਦਿਆਂ ਨੂੰ ਲੈਣ ਲਈ ਆਏ ਹਨ। ਜਦ ਸਾਹਿਬਜਾਦੇ ਤੁਰਨ ਲੱਗੇ ਤਾਂ ਦਾਦੀ ਬੋਲੀ,

"ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ,
ਕੇਸ਼ੋਂ ਕੋ ਕੰਘੀ ਕਰੂੰ ਮੂੰਹ ਧੁਲਾ ਤੋ ਲੂੰ,
ਪਿਆਰੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋਂ ਲੂੰ,
ਮਰਨੇ ਸੇ ਪਹਿਲੇ ਤੁਮ ਕੋ ਮੈਂ ਦੂਲਹਾ ਬਨਾ ਤੋ ਲੂੰ"

ਦਾਦੀ ਮਾਂ ਬੋਲਦੀ ਹੋਈ ਨਾਲ ਨਾਲ ਅੱਖਾਂ ਵਿਚੋਂ ਹੰਝੂ ਸਿੱਟ ਰਹੀ ਸੀ,

"ਬੇਟੇ ਸੇ ਪਹਿਲੇ ਬਿਛੜੀ ਥੀ ਤੁਮ ਭੀ ਬਿਛੜ ਚਲੇ,
ਬਿਗੜੇ ਹੂਏ ਨਸੀਬ ਪੇ ਜ਼ਯਾਦਾ ਬਿਗੜ ਗਏ
ਬੇਰਹਿਮ ਦੁਸ਼ਮਨੋਂ ਕੇ ਤੁਮ ਹਾਥੋਂ ਮੇਂ ਪੜ ਚਲੇ,
ਜ਼ੰਜੀਰ ਗ਼ਮ ਮੇਂ ਮੁਝ ਕੋ ਯਹਾਂ ਪਰ ਜਕੜ ਚਲੇ।
ਬਿਹਤਰ ਥਾ ਤੁਮ ਸੇ ਪਹਲੇ ਮੈਂ ਦੇਤੀ ਪਰਾਨ ਕੋ,
ਦੁਖ ਸੇ ਤੁਮ੍ਹਾਰੇ ਦੁਖ ਹੈ ਬਹੁਤ ਮੇਰੀ ਜਾਨ ਕੋ"

ਏਨਾ ਸੁਣ ਕੇ ਸਾਹਿਬਜਾਦੇ ਬੋਲੇ,

"ਰੁਖ਼ਸਤ ਦੋ ਅਬ ਖ਼ੁਸ਼ੀ ਸੇ ਕਿ ਜਾਨੇਂ ਫ਼ਿਦਾ ਕਰੇਂ,
ਦੁਨੀਆਂ ਸੇ ਜ਼ਬਰੋ ਜ਼ੋਰ ਕਾ ਹਮ ਖ਼ਾਤਮਾਂ ਕਰੇਂ,
ਹਾਸਲ ਸਰੋਂ ਕੋ ਦੇ ਕੇ ਖ਼ੁਦਾ ਕੀ ਰਜ਼ਾ ਕਰੇਂ,
ਨਾਮ ਅਪਨੇ ਬਾਪ ਦਾਦੇ ਕਾ ਮਰ ਕਰ ਬੜਾ ਕਰੇਂ"

......ਤੇ ਫੇਰ ਹੌਲੀ-ਹੌਲੀ ਕੰਧ ਚਿਣੀ ਜਾਣ ਲੱਗੀ।

ਸੂਬਾ ਬੋਲਿਆ, "ਡਰੋ ਬੱਚਿਓ...... ਮੇਰੇ ਕਹਿਰ ਤੋਂ ਡਰੋ...... ਅਜੇ ਵੀ ਮੰਨ ਜਾਓ... ਇਸਲਾਮ ਕਬੂਲ ਕਰ ਲਵੋ... ਨਹੀਂ ਤਾਂ ਮੈਂ ਤੁਹਾਨੂੰ

ਇਸ ਤਰ੍ਹਾਂ ਤੜਫਾ-ਤੜਫਾ ਕੇ ਮਾਰਾਂਗਾ ਜਿਹਾਂ ਕਿ ਤੁਸੀਂ ਸੁਪਨੇ ਵਿਚ ਵੀ ਕਦੇ ਨਹੀਂ ਸੋਚਿਆ ਹੋਵੇਗਾ......" ਪਰ ਸਾਹਿਬਜ਼ਾਦੇ ਬੇਖੌਫ ਬੋਲੇ,

"ਰੋਕਾ ਜੋ ਜ਼ੁਲਮ ਸੇ ਤੋ ਮੁਸਲਮਾਂ ਬਿਗੜ ਗਏ,
ਬੁੱਤ ਕੋ ਬੁਰਾ ਕਹਾ ਤੋ ਯੇ ਹਿੰਦੂ ਬਿਟਰ ਗਏ।
ਤੇਗ਼ਾ ਨਿਕਾਲਾ ਹਮਨੇ ਸੋ ਸਭ ਜੋਸ਼ ਝੜ ਗਏ,
ਚਿੜੀਓਂ ਸੇ ਬਾਜ਼ ਰਨ ਮੇਂ ਸ਼ਰਮ ਸੇ ਗਡ ਗਏ।
ਫ਼ੌਜੋਂ ਪੇ ਨਾਜ਼ ਇਨ੍ਹੇਂ, ਉਨ੍ਹੇਂ ਦੇਵੀ ਕਾ ਮਾਨ ਹੈ,
ਆਸ਼ਕ ਹੈਂ ਹਮ ਖੁਦਾ ਕੇ, ਹਥੇਲੀ ਪੇ ਜਾਨ ਹੈ"

ਸੂਬੇ ਦੇ ਮੂੰਹ 'ਤੇ ਤਰੇਲੀਆਂ ਆ ਗਈਆਂ। ਉਹ ਸੋਚਣ ਲੱਗਾ, "ਯਾ ਖੁਦਾ! ਕਿਸ ਮਿੱਟੀ ਦੇ ਬਣੇ ਹੋਏ ਨੇ ਇਹ ਲੋਕ। ਏਨੀ ਛੋਟੀ ਉਮਰ ਤੇ ਏਡਾ ਵੱਡਾ ਸਿਰੜ।"

ਫੇਰ ਮਨਵੀਰ ਨੂੰ ਦਿਸਿਆ ਕਿ ਜਦ ਕੰਧ ਕੱਢਣ ਵਾਲਾ ਮਿਸਤਰੀ ਤੇਸੇ ਨਾਲ ਇੱਟਾਂ ਤੋੜਣ ਲੱਗਾ ਤਾਂ ਇੱਕ ਆਵਾਜ਼ ਫਿਰ ਆਈ,

"ਬੋਲੇ ਨੀਹਾਂ 'ਚੋਂ ਗੁਰੂ ਦੇ ਲਾਲ ਬੋਲੇ,
ਸਾਡੇ ਲਹੂ ਨੂੰ ਏਥੇ ਨਚੋੜ ਕੇ ਲਾ,
ਇੱਟਾਂ ਲਾ ਰਿਹੈਂ ਕਿ ਤੂੰ ਰੋ ਰਿਹੈਂ
ਇੱਟ ਮਨ ਦੀ ਅਵਸਥਾ ਨੂੰ ਮੋੜ ਕੇ ਲਾ।
ਇੱਟ ਤੋੜ ਨਾ ਗੋਡੇ ਨੂੰ ਤੋੜ ਦੇ ਤੂੰ,
ਸਿੱਖੀ ਮਹਿਲ ਨੂੰ ਇੱਟ ਨਾ ਤੋੜ ਕੇ ਲਾ,
ਇਹ ਹਿਲਾਇਆਂ ਨਾ ਹਿੱਲ ਸਕੇ ਕਿਸੇ ਕੋਲੋਂ
ਓ ਠੋਕ ਠੋਕ ਕੇ ਲਾ ਜੋੜ ਜੋੜ ਕੇ ਲਾ।

ਮਨਵੀਰ ਦੇ ਸਾਹ ਤੇਜ਼-ਤੇਜ਼ ਚੱਲ ਰਹੇ ਸਨ। ਉਸ ਨੇ ਤੱਕਿਆ ਕਿ ਸਹਿਬਜ਼ਾਦਿਆਂ ਦੀਆਂ ਅਰਥੀਆਂ ਨੂੰ ਮੋਢਾ ਦੇਣ ਵਾਲਾ ਸਾਰੀ ਸਰਹੰਦ ਵਿਚੋ ਕੋਈ ਨਹੀਂ ਸੀ ਬਹੁੜਿਆ। ...... ਤੇ ਜੇ ਕਿਸੇ ਨੇ ਹਿੰਮਤ ਕੀਤੀ ਤਾਂ ਉਸ ਦਾ ਘਾਣ ਬੱਚਾ......

ਫੇਰ ਮਨਵੀਰ ਨੂੰ ਇੱਕ ਕੱਚੀ ਗੜ੍ਹੀ ਦਿਖਾਈ ਦਿੱਤੀ। ਇਹ ਚਮਕੌਰ ਦੀ ਗੜ੍ਹੀ ਸੀ। ਉਸ ਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਗੜ੍ਹੀ ਵਿਚੋਂ ਘੋੜੀ

ਗਾਉਣ ਦੀਆਂ ਆਵਾਜ਼ਾਂ ਆ ਰਹੀਆਂ ਹੋਣ। ਇਹ ਉਹੀ ਘੋੜੀ ਸੀ ਜੋ ਉਸ ਦੀ ਮਾਂ ਗਾਉਂਦੀ ਹੁੰਦੀ ਹੈ,

"ਰੂਪ ਲਾੜੇ ਦਾ ਏਦਾਂ ਚਮਕਾਂ ਪਿਆ ਮਾਰਦਾ
ਧੁੱਪ ਵਿਚ ਜਿਵੇਂ ਸ਼ਮਸ਼ੀਰ ਨੀ
ਬਣ ਕੇ ਸਰਵਾਲੇ ਬਹਿੰਦੇ ਘੋੜੀ ਦੀ ਪਿੱਠ 'ਤੇ
ਹੁੰਦੇ ਜੇ ਦੋਵੇਂ ਨਿੱਕੇ ਵੀਰ ਨੀ
ਕੈਸਾ ਵਿਆਹ ਕੈਸਾ ਜੰਞ ਦਾ ਢੁਕਾ ਨੀ
ਲਾੜੇ ਦੀ ਕੇਹੀ ਤਕਦੀਰ ਨੀ
ਮਿਲਣੀ ਦੇ ਵੇਲੇ ਹੋ ਸਨ ਆਤਿਸ਼ਬਾਜ਼ੀਆਂ
ਬੈਠੇ ਨੇ ਸਹੁਰੇ ਤੋਪਾਂ ਬੀੜ ਨੀ
ਮੌਤ ਲਾੜੀ ਨੂੰ ਪਰਨਾਵਨ ਚੱਲਿਆ
ਮੇਰਾ ਅਜੀਤ ਸਿੰਘ ਵੀਰ ਨੀ"

ਗੁਰੂ ਮਹਾਰਾਜ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਜੰਗ ਵਿਚ ਬੀਰਤਾ ਨਾਲ ਜੂਝਦੇ ਹੋਏ ਵੇਖ ਕੇ ਆਵਾਜ਼ ਲਗਾ ਕੇ ਕਿਹਾ,

"ਸ਼ਾਬਾਸ਼ ਪਿਸਰ! ਖ਼ੂਬ ਦਲੇਰੀ ਸੇ ਲੜੇ ਹੋ,
ਹਾਂ ਕਿਉਂ ਨ ਹੋ ਗੋਬਿੰਦ ਕੇ ਫ਼ਰਜ਼ੰਦ ਬੜੇ ਹੋ"

ਵੱਡੇ ਵੀਰ ਅਜੀਤ ਸਿੰਘ ਦੀ ਪਿੱਠ 'ਤੇ ਹੋਇਆ ਵਾਰ ਦੇਖ ਕੇ ਛੋਟਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਸਤਿਗੁਰੂ ਅੱਗੇ ਆਣ ਖੜ੍ਹਾ ਹੋਇਆ ਤੇ ਹੱਥ ਬੰਨ੍ਹ ਕੇ ਕਹਿਣ ਲੱਗਾ,

"ਭਾਈ ਸੇ ਬਿਛੜ ਕਰ ਹਮੇਂ ਜੀਨਾ ਨਹੀਂ ਭਾਤਾ,
ਸੋਨਾ ਨਹੀਂ, ਖਾਨਾ ਨਹੀਂ, ਪੀਨਾ ਨਹੀਂ ਭਾਤਾ"

ਇਸ ਤੋਂ ਪਹਿਲਾਂ ਕਿ ਪਾਤਸ਼ਾਹ ਕੁਝ ਕਹਿੰਦੇ, ਬਾਬਾ ਜੁਝਾਰ ਸਿੰਘ ਮੁੜ ਬੋਲੇ, "ਪਾਤਸ਼ਾਹ, ਮੈਂ ਦਾਦੇ ਪੜਦਾਦੇ ਦੀ ਪੱਗ ਨੂੰ ਦਾਗ ਨਹੀਂ ਲੱਗਣ ਦਿਆਂਗਾ"

ਮਨਵੀਰ ਨੂੰ ਫਿਰ ਇੱਕ ਆਵਾਜ਼ ਸੁਣਾਈ ਦਿੱਤੀ,

"ਨੇਜ਼ੇ ਤੀਰਾਂ ਤਲਵਾਰਾਂ ਮੂਹਰੇ ਜਾਣ ਨੂੰ ਮੇਰਾ ਮਨ ਹੈ ਉਤਾਵਲਾ,
ਛੇਤੀ ਤੋਰੋ ਮੈਨੂੰ ਜੰਗ ਦੇ ਮੈਦਾਨ ਨੂੰ ਮੇਰਾ ਮਨ ਹੈ ਉਤਾਵਲਾ"

ਗੜ੍ਹੀ ਵਿਚ ਪਾਤਸ਼ਾਹ ਜੁਝਾਰ ਸਿੰਘ ਨੂੰ ਮੋਢਿਆਂ ਤੋਂ ਫੜ ਕੇ ਕਹਿ ਰਹੇ ਹਨ,

"ਮਾਸੂਮ ਹੋ ਮਜ਼ਲੂਮ ਹੋ ਦੁਨੀਆਂ ਸੇ ਭਲੇ ਹੋ,
ਲਖ਼ਤੇ ਦਿਲ ਗੋਬਿੰਦ ਹੋ, ਨਾਜ਼ੋਂ ਸੇ ਪਲੇ ਹੋ,
ਦੁਨੀਆਂ ਹੂਈ ਅੰਧੇਰ ਜਬ ਆਂਖੋਂ ਸੇ ਟਲੇ ਹੋ,
ਘਰ ਬਾਰ ਲੁਟਾ ਬਾਪ ਕਟਾ ਅਬ ਤੁਮ ਭੀ ਚਲੇ ਹੋ"

ਸਾਹਿਬਜ਼ਾਦਾ ਜੁਝਾਰ ਸਿੰਘ ਕਿ ਕਿਤੇ ਪਾਤਸ਼ਾਹ ਮੈਨੂੰ ਛੋਟਾ ਜਾਣ ਕੇ ਜੰਗ ਵਿਚ ਜਾਣ ਤੋਂ ਮਨ੍ਹਾ ਨਾ ਕਰ ਦੇਣ। ਉਹ ਬੋਲੇ,

"ਜ਼ਿੰਦਾ ਚੁਨਾ ਜਾਨਾ ਭੀ ਤੋ ਆਸਾਨ ਨਹੀਂ ਹੈ,
ਸਰਹੰਦ ਮੇਂ ਦੀ ਭਾਈਓ ਨੇ ਜਾਨ ਨਹੀਂ ਹੈ,
ਕਿਉਂ ਮੁਝ ਕੋ ਧਰਮ ਯੁੱਧ ਕਾ ਕੁਛ ਧਯਾਨ ਨਹੀਂ ਹੈ,
ਬੰਦੇ ਕੋ ਛੁਰੀ ਖਾਨੇ ਕਾ ਕਯਾ ਅਰਮਾਨ ਨਹੀਂ ਹੈ,
ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਹੈ ਆਤਾ,
ਖ਼ੁਦ ਬੜ੍ਹ ਕੇ ਗਲਾ ਤੇਗ ਪਰ ਧਰਨਾ ਤੋ ਹੈ ਆਤਾ"

ਗੁਰੂ ਮਹਾਰਾਜ ਸਾਹਿਬਜ਼ਾਦੇ ਦੀ ਇਹ ਗੱਲ ਸੁਣ ਕੇ ਕੁਝ ਮੁਸਕਰਾਏ ਤੇ ਕਹਿਣ ਲੱਗੇ,

"ਰੋਕੇ ਸੇ ਕਭੀ ਸ਼ੇਰ ਕਾ ਬੱਚਾ ਭੀ ਰੁਕਾ ਹੈ,
ਝੂਠੇ ਤੋ ਰੁਕੇ, ਕਯਾ ਕੋਈ ਸੱਚਾ ਭੀ ਰੁਕਾ ਹੈ"

ਪਾਤਸ਼ਾਹ ਨੇ ਆਪਣੇ ਹੱਥੀ ਸਾਹਿਬਜ਼ਾਦੇ ਨੂੰ ਤਿਆਰ ਕੀਤਾ।

"ਰੋਕਾ ਨਹੀਂ ਆਗਾਜ਼ ਸੇ ਬੋਲੇ ਗੁਰੂ ਗੋਬਿੰਦ,
ਉਸ ਨੰਨ੍ਹੇ ਸੇ ਜਾਂਬਾਜ਼ ਸੇ ਬੋਲੇ ਗੁਰੂ ਗੋਬਿੰਦ
ਲੋ ਆਓ ਤਨਿ ਪਾਕ ਪੇ ਹਥਿਆਰ ਸਜਾ ਦੇਂ,
ਛੋਟੀ ਸੀ ਕਮਾਂ, ਨੰਨ੍ਹੀ ਸੀ ਤਲਵਾਰ ਸਜਾ ਦੇਂ"

ਸ਼ਾਹਿਬਜ਼ਾਦਾ ਜੁਝਾਰ ਸਿੰਘ ਜਦੋਂ ਪਾਤਸ਼ਾਹ ਤੋਂ ਆਗਿਆ ਲੈ ਕੇ ਤੁਰਨ ਲੱਗੇ ਤਾਂ ਮਹਾਰਾਜ ਕੇ ਆਵਾਜ਼ ਦੇ ਕੇ ਫਿਰ ਕਿਹਾ,

"ਬੇਟਾ ਤੁਮ ਹੀ ਹੋ ਪੰਥ ਕੇ ਬੇੜੇ ਕੇ ਖਿਵੱਈਆ,
ਸਰ ਭੇਂਟ ਕਰੋ ਤਾਂ ਕਿ ਚਲੇ ਧਰਮ ਕੀ ਨੱਈਆ

ਲੇ ਦੇ ਕੇ ਤੁਮ ਹੀ ਬਚੇ ਥੇ ਮੇਰੇ ਗੁਲਸਨ ਕੇ ਬਕੱਈਆ,
ਲੇ ਜਾਓ ਕਿ ਰਾਹ ਤਕਤੇ ਹੈਂ ਸਭ ਖ਼ੁਲਦ ਮੇਂ ਭੱਈਆ"

ਬਾਬਾ ਜੁਝਾਰ ਸਿੰਘ ਨੇ ਜੰਗ ਵਿਚ ਐਸੇ ਜੌਹਰ ਦਿਖਾਏ ਕਿ ਦੁਸ਼ਮਨਾਂ ਨੂੰ ਭਾਜੜਾਂ ਪੈ ਗਈਆਂ। ਉਸ ਦੀ ਤੇਗ ਨੇ ਜ਼ਾਲਮਾਂ ਦੇ ਆਹੂ ਲਾਹ ਦਿੱਤੇ,

"ਦਸ ਬੀਸ ਕੋ ਜ਼ਖ਼ਮੀ ਕੀਆ ਦਸ ਬੀਸ ਕੋ ਮਾਰਾ,
ਇਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ,
ਖ਼ੱਨਾਸ ਕੋ ਮਾਰਾ ਕਭੀ ਇਬਲੀਸ ਕੋ ਮਾਰਾ,
ਗੁਲ ਮਚ ਗਯਾ ਇਕ ਤਿਫਲ ਨੇ ਚਾਲੀਸ ਕੋ ਮਾਰਾ"

ਹੁਣ ਮੁਗਲ ਸਿਪਾਹੀ, ਜਿਹੜੇ ਪਹਿਲਾਂ ਇਸ 'ਬਾਬੇ' ਨੂੰ 'ਬੱਚਾ' ਸਮਝਦੇ ਸਨ, ਇੱਕ ਦੂਜੇ ਨੂੰ ਕਹਿ ਰਹੇ ਸਨ,

"ਬਚ ਬਚ ਕੇ ਲੜੋ ਕਲਗੀਓਂ ਵਾਲੇ ਕੇ ਪਿਸਰ ਸੇ,
ਯਿਹ ਨੀਮਚਾ ਲਾਏ ਹੈਂ ਗੁਰੂ ਜੀ ਕੀ ਕਮਰ ਸੇ"

ਏਨੇ ਨੂੰ ਇੱਕ ਤੀਰ ਸਾਹਿਬਜ਼ਾਦੇ ਦੇ ਸੀਨੇ ਵਿਚ ਲੱਗਿਆ।

ਮਨਵੀਰ ਦਾ ਹਉਕਾ ਨਿਕਲ ਗਿਆ। ਉਸ ਨੂੰ ਚਾਰੇ ਪਾਸੇ ਲਾਲ-ਲਾਲ ਹੀ ਨਜ਼ਰ ਆ ਰਿਹਾ ਸੀ। ਇਹ ਸਾਹਿਬਜ਼ਾਦਿਆਂ ਦਾ ਲਹੂ ਸੀ। ਇੱਕਦਮ ਕਈ ਠਹਾਕਿਆਂ ਦੀਆਂ ਆਵਾਜ਼ਾਂ ਆਈਆਂ। ਗੰਗੂ ਬਾਹਮਣ, ਵਜੀਰ ਖਾਨ, ਸੁੱਚਾ ਨੰਦ ਉੱਚੀ-ਉੱਚੀ ਹੱਸ ਰਹੇ ਸਨ।

ਓਧਰ ਗੜ੍ਹੀ ਵਿਚੋਂ ਇੱਕ ਇਲਾਹੀ ਆਵਾਜ਼ ਆ ਰਹੀ ਸੀ,
"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥"
ਕੋਈ ਗਾਉਂਦਾ ਪ੍ਰਤੀਤ ਹੋ ਰਿਹਾ ਸੀ,
"ਹੱਸ ਸ਼ਹੀਦੀ ਪਾ ਗਿਆ ਜਦ ਲਾਲ ਛੁਟੇਰਾ,
ਅੱਖਾਂ ਸਾਹਵੇਂ ਹੋ ਗਿਆ ਉਹ ਬੇਰਾ ਬੇਰਾ
ਉਂਗਲੀ ਲਾ ਕੇ ਲੈ ਗਿਆ ਓਹਦਾ ਵੀਰ ਵਡੇਰਾ,
ਹੱਥ ਬੰਨ੍ਹ ਬੋਲੇ ਸਤਿਗੁਰੂ ਵਾਹ ਭਾਣਾ ਤੇਰਾ,
"ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥
ਹੁਕਮ ਰਜ਼ਾਈ ਚਲਣਾ" ਜੋ ਕਰੇਂ ਚੰਗੇਰਾ,
ਵਾਹ ਵਾਹ ਗੋਬਿੰਦ ਸਿੰਘ ਧੰਨ ਤੇਰਾ ਜੇਰਾ,

ਪੰਥ ਵਸੇ ਮੈਂ ਉੱਜੜਾਂ ਮਨਿ ਚਾਓ ਘਨੇਰਾ"

ਇਹ ਸਾਰੀ ਰਾਤ ਮਨਵੀਰ ਦੀ ਇਸੇ ਤਰ੍ਹਾਂ ਲੰਘੀ। ਸਵੇਰੇ ਉੱਠਦੇ ਸਾਰ ਉਸ ਨੇ ਆਪਣੀ ਮਾਂ ਨੂੰ ਕਿਹਾ, "ਬੇਬੇ ਮੈਂ ਸਰਹੰਦ ਤੇ ਚਮਕੌਰ ਸਾਹਿਬ ਜਾਣੈ...... ਦੱਸ ਕਦੋਂ ਜਾਵਾਂਗੇ......"

ਉਸ ਦੀ ਮਾਂ ਨੂੰ ਪਤਾ ਸੀ ਕਿ ਉਹ ਜ਼ਰੂਰ ਜਾਣ ਦੀ ਜ਼ਿਦ ਕਰੇਗਾ, ਸੋ ਉਸ ਨੇ ਮਨਵੀਰ ਨੂੰ ਕਿਹਾ ਕਿ ਉਹ ਐਤਕੀਂ ਸ਼ਹੀਦੀ ਜੋੜ ਮੇਲੇ 'ਤੇ ਉੱਥੇ ਜਾ ਰਹੇ ਹਨ।

ਸਰਹੰਦ ਜਾਂਦੇ ਹੋਏ ਰਸਤੇ ਵਿਚ ਉਸ ਦੀ ਮਾਤਾ ਨੇ ਉਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਸਭ ਕੁਝ ਸੁਣਾ ਦਿੱਤਾ ਤੇ ਸਾਹਿਬਜ਼ਾਦਿਆਂ ਦੇ ਕਾਤਲਾਂ ਨੂੰ ਬਾਬਾ ਜੀ ਵੱਲੋਂ ਦਿੱਤੀਆਂ ਗਈਆਂ ਸਜ਼ਾਵਾਂ ਬਾਰੇ ਵੀ ਦੱਸਿਆ।

ਸਰਹੰਦ ਪਹੁੰਚ ਕੇ ਮਨਵੀਰ ਨੇ ਕੁਝ ਇੱਟਾਂ ਖਿੱਲਰੀਆਂ ਵੇਖੀਆਂ, ਓਹਨੂੰ ਦੂਰੋਂ ਕਿਸੇ ਦੇ ਗਾਉਂਣ ਦੀ ਆਵਾਜ਼ ਸੁਣਾਈ ਦਿੱਤੀ,

"ਜੋਗੀ ਜੀ ਉਸ ਕੇ ਬਾਅਦ ਹੂਈ ਥੋੜੀ ਦੇਰ ਥੀ,
ਬਸਤੀ ਸਰਹੰਦ ਸ਼ਹਿਰ ਕੀ ਈਟੋਂ ਕਾ ਢੇਰ ਥੀ"

ਉਹ ਅਜੇ ਗੁਰਦੁਆਰੇ ਵਾਲੇ ਰਸਤੇ 'ਤੇ ਹੀ ਜਾ ਰਹੇ ਸਨ ਕਿ ਉਹਨਾਂ ਨੂੰ ਸ਼ਰਾਬ ਦੇ ਠੇਕੇ ਮੂਹਰੇ ਲੱਗੀ ਲੰਬੀ ਕਤਾਰ ਦਿਖਾਈ ਦਿੱਤੀ। ਇੱਕ ਮੁੰਡਾ, ਜਿਸਦੇ ਕੰਨਾਂ ਵਿਚ ਨੱਤੀਆਂ ਪਾਈਆਂ ਹੋਈਆਂ ਸਨ, ਉਹਨਾਂ ਕੋਲ ਦੀ ਲੰਘਿਆ ਤੇ ਜਾਂਦਾ ਹੋਇਆ ਪਾਨ ਦਾ ਥੁੱਕ ਸੁੱਟ ਗਿਆ। ਮਨਵੀਰ ਦਾ ਮਨ ਕੀਤਾ ਕਿ ਉਸ ਨੂੰ ਖੜ੍ਹਾ ਕੇ ਕਹੇ ਕਿ ਬਾਈ ਇਹ ਬਹੁਤ ਪਵਿੱਤਰ ਧਰਤੀ ਹੈ, ਇਸ ਧਰਤੀ 'ਤੇ ਸਾਹਿਬਜ਼ਾਦਿਆਂ ਦਾ ਲਹੂ ਡੁੱਲਿਆ ਹੈ ਤੇ ਤੈਨੂੰ ਸ਼ਰਮ ਨਹੀਂ ਆਉਂਦੀ ਏਥੇ ਥੁੱਕਦੇ ਨੂੰ...... ਅਜੇ ਉਹ ਸੋਚ ਹੀ ਰਿਹਾ ਸੀ ਕਿ ਗੁਰਦੁਆਰੇ ਦੇ ਸਪੀਕਰ ਵਿਚੋਂ ਕਿਸੇ ਢਾਡੀ ਦੀ ਆਵਾਜ਼ ਸੁਣਾਈ ਦਿੱਤੀ,

"ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ,
ਚਾਰ ਮੂਏ ਤੋ ਕਯਾ ਹੂਆ ਜੀਵਤ ਕਈ ਹਜ਼ਾਰ"

ਮਨਵੀਰ ਨੇ ਆਪਣੀ ਮਾਂ ਤੋਂ ਇਹਨਾਂ ਸਤਰਾਂ ਦੇ ਅਰਥ ਪੁੱਛੇ ਤੇ ਸੋਚਣ ਲੱਗਾ 'ਇਨ ਪੁਤਰਨ' ਤੋਂ...... ਕਿੰਨ੍ਹਾਂ ਪੁੱਤਰਾਂ ਤੋਂ ਗੁਰੂ ਨੇ ਚਾਰ

ਵਾਰੇ......? ਇਹਨਾਂ ਤੋਂ ਜਿਹੜੇ ਠੇਕੇ ਮੂਹਰੇ ਕਤਾਰ ਲਗਾਈ ਖੜ੍ਹੇ ਹਨ...... ਜਾਂ ਇਹਨਾਂ ਤੋਂ ਜਿਹੜੇ ਏਸ ਪਵਿਤਰ ਧਰਤੀ ਨੂੰ ਤੰਬਾਕੂ ਦੇ ਥੁੱਕ ਨਾਲ ਪਲੀਤ ਕਰ ਰਹੇ ਨੇ...... ਤੇ ਜਾਂ ਫਿਰ ਉਹਨਾਂ ਤੋਂ ਜਿਹੜੇ ਮੇਲੇ ਵਿੱਚ ਤੁਰੀਆਂ ਜਾਂਦੀਆਂ ਕੁੜੀਆਂ ਦੀਆਂ ਪਿੱਠਾਂ 'ਤੇ ਚੂੰਢੀਆਂ ਵੱਢ ਰਹੇ ਨੇ...... ਕਿਹਨਾਂ ਪੁੱਤਰਾਂ ਤੋਂ......

ਉਸ ਨੂੰ ਇਹਨਾਂ ਬੇਜ਼ਮੀਰਿਆਂ ਤੇ ਅਕ੍ਰਿਤਘਣਾਂ 'ਤੇ ਬਹੁਤ ਖਿਝ ਚੜ੍ਹ ਰਹੀ ਸੀ। ਉਹ ਆਪਣੀ ਮਾਂ ਨੂੰ ਕਹਿਣ ਲੱਗਾ, "ਮਾਂ ਮੇਰਾ ਜੀ ਕਰਦੈ ਕਿ ਮੈਂ ਵੀ ਓਦੋਂ ਹੀ ਜੰਮਿਆ ਹੁੰਦਾ ਤੇ ਬਾਬਾ ਬੰਦਾ ਸਿੰਘ ਜੀ ਦੀ ਫੌਜ਼ ਵਿਚ ਭਰਤੀ ਹੋ ਕੇ ਜ਼ਾਲਮਾਂ ਨੂੰ ਮਾਰਦਾ......"

"ਜ਼ਾਲਮ ਤਾਂ ਅਜੇ ਵੀ ਬਥੇਰੇ ਨੇ ਪੁੱਤ...... ਜ਼ਾਲਮ ਖਤਮ ਨਹੀਂ ਹੋਏ ਤੇ ਉਹਨਾਂ ਦੇ ਜ਼ੁਲਮ ਵੀ ਅਜੇ ਜਾਰੀ ਹਨ...... ਬਸ ਲੋੜ ਤਾਂ ਉਹਨਾਂ ਨੂੰ ਪਛਾਣਨ ਦੀ ਹੈ......" ਮਨਵੀਰ ਦੇ ਬਾਪੂ ਜੀ ਅਜੇ ਬੋਲ ਹੀ ਰਹੇ ਸਨ ਕਿ ਉਹਨਾਂ ਕੋਲ ਦੀ ਬੜੀ ਤੇਜ਼ੀ ਨਾਲ ਕਈ ਹੂਟਰਾਂ ਵਾਲੀਆਂ ਗੱਡੀਆਂ ਲੰਘੀਆਂ।

ਸੱਚਮੁੱਚ ਮਨਵੀਰ ਨੂੰ ਇਹਨਾਂ ਗੱਡੀਆਂ ਵਿਚ ਬੈਠੇ ਲੋਕਾਂ ਦੀਆਂ ਸ਼ਕਲਾਂ ਔਰੰਗਜ਼ੇਬ ਤੇ ਵਜ਼ੀਰ ਖ਼ਾਨ ਨਾਲ ਮਿਲਦੀਆਂ ਲੱਗੀਆਂ। ਉਸ ਨੇ ਆਸੇ ਪਾਸੇ ਦੇਖਿਆ ਤਾਂ ਉਸ ਨੂੰ ਕਈ ਗੰਗੂ ਤੇ ਸੁੱਚਾ ਨੰਦ ਤੁਰੇ ਫਿਰਦੇ ਤੇ ਠਹਾਕੇ ਲਗਾਉਂਦੇ ਨਜ਼ਰ ਆਏ...... ਜਿਹਨਾਂ ਵਿਚੋਂ ਕੁਝ ਦੂਰ ਟੈਂਟ ਵਿਚ ਲੱਗੀ ਆਰਕੇਸਟਰਾ ਵਾਲੀ ਦੀਆਂ ਤਾਰੀਫਾ ਕਰ ਰਹੇ ਸਨ, ਕੁਝ ਭੰਗ ਦੇ ਪਕੌੜਿਆਂ ਦੀ ਸਿਫਤ ਤੇ ਕੁਝ ਬਸ ਰਾਜਨੀਤੀਵਾਨਾਂ ਦੀ 'ਜ਼ਿੰਦਾਬਾਦ-ਮੁਰਦਾਬਾਦ' ਕਰਨ ਵਿਚ ਹੋਏ ਲੱਗੇ ਹੋਏ ਸਨ। ਇਹ ਸਾਰੇ ਉਸ ਨੂੰ ਗੰਗੂ ਤੇ ਸੁੱਚਾ ਨੰਦ ਜਾਪੇ।

ਇਹ ਸਭ ਵੇਖ ਕੇ ਉਹ ਕਾਫੀ ਉਦਾਸ ਹੋ ਗਿਆ ਸੀ...... ਇੱਕਦਮ ਉਸ ਦੀ ਨਜ਼ਰ ਸਾਹਮਣੇ ਲੱਗੇ ਵਿਚ ਵੱਡੇ ਪੋਸਟਰ 'ਤੇ ਪਈ...... ਜਿਸ ਵਿਚ ਇੱਕ ਯੋਧਾ ਹੱਥ ਵਿਚ ਤੀਰ ਲਈ ਖਲੋਤਾ ਸੀ ਤੇ ਉਸ ਦੇ ਨਾਲ ਕੁਝ ਹੋਰ ਯੋਧਿਆਂ ਦੀਆਂ ਤਸਵੀਰਾਂ ਸਨ...... ਇਸੇ ਵੇਲੇ ਉਸ ਦੇ ਬਾਪੂ ਜੀ ਬੋਲ ਰਹੇ ਸਨ,

'ਚਿਹਾ ਸ਼ੁਦ ਕਿ ਚੂੰ ਬਚਗਾਂ ਚਾਰ ਕਿ ਬਾਕੀ ਬਮਾਂਦਸਤ ਪੇਚੀਦਹ

ਮਾਰ"

ਮਨਵੀਰ ਤਸਵੀਰ ਉੱਤੇ ਲਿਖੀਆਂ ਸਤਰਾਂ ਪੜ੍ਹ ਰਿਹਾ ਸੀ,
"ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ
ਕਿਲਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ,
ਝੋਰਾ ਕਰੀਂ ਨਾ ਕਿਲੇ ਅਨੰਦਪੁਰ ਦਾ
ਕੁੱਲੀ ਕੁੱਲੀ ਨੂੰ ਕਿਲਾ ਬਣਾ ਦਿਆਂਗੇ,
ਜਿਨ੍ਹਾਂ ਕੰਧ ਸਰਹੰਦ ਦੀ ਤੋੜਣੀ ਏਂ
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ,
ਅੰਗੂਠਾ ਲਾਇਆ ਨਈ ਜਿਨ੍ਹਾਂ ਬੇਦਾਵਿਆਂ 'ਤੇ
ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ"

ਕੀ ਅਸੀ ਭੁੱਲ ਸਕਦੇ ਹਾਂ ?

(1) ਨਵੀਨ [illegible] ਸਿੰਘ ਸੰਧੂ, ਜਸਵੰਤ ਪਤਨੀ ਤੇ ਢਾਈ ਸਾਲ ਦਾ ਬੱਚਾ ਲਾਵਾਰਿਸ ਲਾਸ਼ ਬਣਾ ਕੇ [illegible] ਅੱਗ ਦੇ ਦਿੱਤਾ ਗਿਆ।

(2) ਪਿੰਡ - [illegible] ਦੇ ਇੱਕ ਕਿਸਾਨ ਦੇ [illegible] ਤੇ ਪੁਲਿਸ ਨੇ ਪਰਿਵਾਰ ਨੂੰ ਕੁਟ ਕੇ ਉਹਨਾਂ ਦੇ ਹੀ [illegible] ਦਾਣੇ ਡਰੰਮ 'ਚ ਤੇਲ [illegible] ਦੇ ਉੱਤੇ ਹੀ [illegible] ਪਰਿਵਾਰਕ ਜੀਆਂ ਦੇ ਸਰੀਰਾਂ ਤੇ ਪਾਕੇ ਅੱਗ ਲਾ ਦਿੱਤਾ ਗਿਆ ਤੇ ਕੋਲ-ਹੀ ਸਾੜਿਆ ਸੀ।

ਸਿਰਲੇਖ - ਖੂਨ ਵਿੱਚ [illegible] - ਲੇਖਕ - [illegible] ਸਿੰਘ ਬੈਂਸ

(3) ਭਾਈ ਮਨਜੀਤ ਸਿੰਘ [illegible] ਦੇ ਤਕ ਵੱਢਕੇ ਮਾਸ [illegible] ਅੰਮ੍ਰਿਤਸਰ ਵਿੱਚ [illegible] ਪਾਉਣ ਲਈ ਰੱਖੀ ਗਈ।

(4) ਭਾਈ ਗੁਰਦੇਵ ਸਿੰਘ ਦੇਬੂ [illegible] ਨੂੰ ਜਮੀਨ [illegible] ਫਿਰ ਪਾਣੀ ਵਿੱਚ ਉਬਾਲਿਆ ਗਿਆ।

ਅਗੀ ਪੰਨਾ - 61 ਤੇ ਪੜੋ... [illegible]

'ਚਿੜੀ ਵਿਚਾਰੀ ਕੀ ਕਰੇ......'

ਛੋਟੇ ਹੁੰਦਿਆਂ, ਉਹ ਇਕ ਕਹਾਣੀ ਸੁਣਦਾ ਹੁੰਦਾ ਸੀ। ਉਸ ਦੀ ਮਾਂ ਉਸ ਨੂੰ ਉਹ ਕਹਾਣੀ ਹਫਤੇ ਵਿਚ ਤਕਰੀਬਨ ਇਕ-ਦੋ ਵਾਰ ਤਾਂ ਸੁਣਾ ਹੀ ਦਿੰਦੀ ਸੀ। ਜਦੋਂ ਕਹਾਣੀ ਵਿਚਲੀ ਚਿੜੀ ਦਾ ਦਰਦ ਬੇਬੇ ਕਵਿਤਾ ਰਾਹੀਂ ਕਹਿੰਦੀ ਤਾਂ ਉਸ ਦਾ ਮਨ ਭਰ ਆਉਂਦਾ।

ਬੇਬੇ ਵੈਰਾਗ ਵਿਚ ਗਾਉਂਦੀ,

"......ਰਾਣੀ ਰਾਜੇ ਨਾਲ ਰੁੱਸੇ ਨਾ,
ਰਾਜਾ ਤਖਾਣ ਨੂੰ ਮਾਰੇ ਨਾ,
ਤਖਾਣ ਕਿੱਕਰ ਵੱਢੇ ਨਾ,
ਕਿੱਕਰ ਕਾਂ ਉਡਾਵੇ ਨਾ,
ਕਾਂ ਗੁਲੇਲਾ ਸੁੱਟੇ ਨਾ,
ਚਿੜੀ ਵਿਚਾਰੀ ਕੀ ਕਰੇ......"

ਉਸ ਨੂੰ ਕਾਂ ਤੋਂ ਲੈ ਕੇ ਰਾਜੇ-ਰਾਣੀ ਤਕ ਸਭ 'ਤੇ ਗੁੱਸਾ ਆਉਂਦਾ, ਜਿਹੜੇ ਚਿੜੀ ਦਾ ਦੁੱਖ ਸੁਣਦੇ ਨਹੀਂ ਸਨ।

ਕਈ ਵਾਰ, ਕਿਸੇ ਕਾਂ ਨੂੰ ਕੁਝ ਖਾਂਦਿਆਂ ਤੇ ਕੋਲ ਚੁੱਪ ਚਾਪ ਬੈਠੀ ਚਿੜੀ ਨੂੰ ਦੇਖ ਕੇ, ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ,

'ਚਿੜੀ ਵਿਚਾਰੀ ਕੀ ਕਰੇ......"

...... ਕਦੇ ਵੀ ਉਸ ਨੂੰ ਕਿਸੇ ਦੇ ਦੁੱਖ ਚਿੜੀ ਨਾਲੋਂ ਵੱਡੇ ਨਹੀਂ ਲੱਗੇ ਸਨ ਪਰ......,

ਅੱਜ ਖੇਤ ਵਿਚ ਖੜ੍ਹੇ ਹੋਏ ਨੂੰ ਉਸ ਨੂੰ ਆਪਣੇ ਦੁੱਖ ਚਿੜੀ ਨਾਲੋਂ ਕਈ ਗੁਣਾ ਵੱਧ ਜਾਪੇ। ਇਸ ਤੋਂ ਪਹਿਲਾਂ ਕਦੀ ਇਸ ਤਰ੍ਹਾਂ ਨਹੀਂ ਹੋਇਆ ਸੀ।

ਕੁਝ ਦਿਨ ਪਹਿਲਾਂ ਇਕ ਐਕਸੀਡੈਂਟ ਵਿਚ ਉਸ ਦੀ ਬਾਂਹ ਟੁੱਟ ਗਈ ਸੀ। ਪੀੜ ਨਾਲ ਤੜਫਦਾ ਉਹ ਸਾਰੀ ਰਾਤ ਨਹੀਂ ਸੁੱਤਾ। ਅਗਲੇ

ਦਿਨ ਮੰਡੀ ਆਲੇ ਡਾਕਟਰ ਕੋਲ ਗਏ। ਉਸ ਨੇ ਐਕਸਰਾ ਵੇਖ ਕੇ ਜਵਾਬ ਦੇ ਦਿੱਤਾ। ਅਸਲ ਵਿਚ ਬਾਂਹ ਬਹੁਤ ਕਸੂਤੀ ਥਾਂ ਤੋਂ ਟੁੱਟੀ ਸੀ ਤੇ ਪਲਸਤਰ ਨਾਲ ਸੂਤ ਨਈਂ ਆਉਣੀ ਸੀ।

"ਫੇਰ ਡਾ'ਟਰ ਸਾਹਬ......?" ਇਸ ਨੇ ਸਵਾਲੀਆ ਨਜ਼ਰਾਂ ਨਾਲ ਡਾਕਟਰ ਵੱਲ ਵੇਖਦੇ ਹੋਏ ਪੁੱਛਿਆ।

"ਲਗਦੈ ਔਪਰੇਸ਼ਨ ਕਰਨਾ ਪਊ...... ਨਾਲੇ ਕੋਟ ਆਲਾ ਡਾਕਟਰ ਸੇਠੀ ਕਰੂ......" ਡਾਕਟਰ ਝੱਟ ਜਵਾਬ ਦੇ ਗਿਆ ਤੇ ਨਾਲ ਹੀ ਬੋਲਿਆ, "ਦਸ-ਪੰਦਰਾਂ ਹਜ਼ਾਰ ਦਾ ਖਰਚਾ ਹੋਊ......"

ਕਣਕਾਂ ਪੱਕੀਆਂ ਖੜ੍ਹੀਆਂ ਸਨ। ਦੋ-ਚਾਰ ਦਿਨਾਂ ਨੂੰ ਕਣਕ ਵੱਢਣ ਲੱਗਣਾ ਸੀ। ਕੰਮ ਦੀ ਰੁੱਤ ਸੀ। ਇਹਨਾਂ ਦਿਨਾਂ ਵਿਚ ਜੱਟਾਂ ਦਾ ਹੱਥ ਤਕਰੀਬਨ ਤੰਗ ਹੀ ਹੁੰਦਾ ਹੈ। ਵੈਸੇ ਵੀ ਮਾਲਵੇ ਦੇ ਕਿਸਾਨਾਂ ਦੀ ਹਾਲਤ ਕੋਈ ਬਹੁਤੀ ਚੰਗੀ ਨਹੀਂ। ਸਰਕਾਰਾਂ ਦੀ ਅਣਦੇਖੀ ਦੇ ਸ਼ਿਕਾਰ ਵੈਸੇ ਤਾਂ ਸਾਰੇ ਪੰਜਾਬ ਦੇ ਕਿਸਾਨ ਹੀ ਨੇ, ਪਰ ਮਾਲਵੇ ਦੇ ਇਹਨਾਂ ਪਿੰਡਾਂ ਦੀਆਂ ਜ਼ਮੀਨਾਂ ਬਹੁਤੀਆਂ ਚੰਗੀਆਂ ਨਾ ਹੋਣ ਕਰਕੇ ਇਥੋਂ ਦੇ ਕਿਸਾਨਾਂ ਦੀ ਹਾਲਤ ਕੁਝ ਜਿਆਦਾ ਤਰਸਯੋਗ ਹੈ। ਹਾੜੀ-ਸਾਉਣੀ ਤਾਂ ਬੈਂਕਾਂ ਤੇ ਸੇਠਾਂ ਦੇ ਕਰਜ਼ੇ ਲਾਹੁਣ ਵਿਚ ਹੀ ਚਲੀ ਜਾਂਦੀ ਹੈ। ਕੁਝ ਸਰਦੇ-ਪੁੱਜਦੇ ਪਰਿਵਾਰਾ ਨੂੰ ਕੀ ਕਹਿਣਾ...... ਆਮ ਜੱਟ ਤਾਂ ਇਹਨਾਂ ਦਿਨਾਂ ਨੂੰ ਤ੍ਹੇਰਵਾਂ ਮਹੀਨਾਂ ਹੀ ਕਹਿੰਦੇ ਨੇ।

......ਤੇ ਇਹਨਾਂ ਦਿਨਾਂ ਵਿਚ ੧੫-੨੦ ਹਜ਼ਾਰ ਦਾ ਐਵੇਂ ਅੱਭਰ ਦਾ ਖਰਚਾ...... ਤੇ ਉੱਤੋਂ ਘਰ ਦਾ ਕੰਮ ਵਾਲਾ ਬੰਦਾ ਵਿਹਲਾ ਹੋ ਕੇ ਬਹਿ ਗਿਆ ਸੀ।

ਖੈਰ... ਕੰਮ ਮੁੰਡੇ ਸਾਂਭ ਲੈਂਦੇ...... ਪਰ।

ਦੋ ਮੁੰਡੇ ਸਨ ਓਹਦੇ। ਪਿਉ ਦੇ ਅਪਰੇਸ਼ਨ ਲਈ ਬਾਂਹ ਵਿਚ ਪਾਉਣ ਵਾਲੀਆਂ ਪਲੇਟਾਂ ਲੈਣ ਸ਼ਹਿਰ ਨੂੰ ਗਏ। ਰਾਹ ਵਿਚ ਵੱਡਾ ਬੋਲਿਆ, "ਯਰ ਬਿੰਦਰਾ, ਆਉਂਦੇ ਹੋਏ ਗਰਗ ਡਾਕਟਰ ਕੰਨੀ ਵੀ ਹੋ ਕੇ ਆਵਾਂਗੇ...... ਮੇਰਾ ਸਾਲਾ ਕਈ ਦਿਨਾਂ ਦਾ ਬਖਾਰ ਈ ਨ੍ਹੀ ਟਿਕਣ ਦਿੰਦਾ..."

"ਠੀਕ ਆ ਬਈ... ਹੋ ਆਵਾਂਗੇ" ਬਿੰਦਰ ਬੋਲਿਆ।

ਤੇ ਜਦੋਂ ਗਰਗ ਕੋਲ ਗਏ...... ਪਿਉ ਦੀਆਂ ਪਲੇਟਾਂ ਤਾਂ ਵਿਚੇ

ਰਹਿ ਗਈਆਂ। ਡਾਕਟਰ ਨੇ ਛੋਟੇ ਨੂੰ ਪਾਸੇ ਕਰਕੇ ਕਿਹਾ,

"ਕਿੰਨੇ ਦਿਨ ਹੋ ਗਏ ਬਖਾਰ ਚੜ੍ਹਦੇ ਨੂੰ..."

"ਮਾੜਾ ਮੋਟਾ ਤਾਂ ਜੀ ੧੦-੧੫ ਦਿਨਾਂ ਤੋਂ ਚੜ੍ਹਦੈ"

"ਏਹਦੇ ਖੂਨ ਆਲੇ ਸੈੱਲ ਬਹੁਤ ਘਟ ਗਏ ਐ। ਮੈਨੂੰ ਲੱਗਦੈ ਬੀ ਏਹਨੂੰ ਡੇਂਗੂ ਹੋ ਗਿਐ ਤੇ ਜਾਂ ਫੇਰ ਹੋ ਸਕਦੈ......" ਬੋਲਦਾ-ਬੋਲਦਾ ਡਾਕਟਰ ਚੁੱਪ ਕਰ ਗਿਆ।

"ਕੀ ਹੋ ਸਕਦੈ ਡਾਕਟਰ ਸਾਹਬ...? ਤੁਸੀਂ ਚੁੱਪ ਕਿਉਂ ਕਰਗੇ" ਬਿੰਦਰ ਨੇ ਘਬਰਾ ਕੇ ਡਾਕਟਰ ਨੂੰ ਪੁੱਛਿਆ।

"ਤੁਸੀਂ ਆਏਂ ਕਰੋ ਬੀ ਛੇਤੀ ਨਾਲ ਏਹਨੂੰ ਡੀ.ਐਮ.ਸੀ. ਲੈਜੋ... ਲੁਧਿਆਣੇ" ਡਾਕਟਰ ਨੇ ਬਿੰਦਰ ਦੇ ਸਵਾਲ ਦਾ ਬਸ ਏਹੀ ਜਵਾਬ ਦਿੱਤਾ।

ਮਾਲਵੇ ਦੇ ਇਹਨਾਂ ਪਿੰਡਾਂ ਕੰਨੀਂ ਲੋਕਾਂ ਵਿਚ ਇਹ ਧਾਰਨਾ ਹੈ ਕਿ ਡੀ.ਐਮ.ਸੀ. ਲੁਧਿਆਣੇ ਉਸੇ ਨੂੰ ਭੇਜਿਆ ਜਾਂਦੈ, ਜੀਹਨੂੰ ਬਹੁਤ ਘਾਤਕ ਬੀਮਾਰੀ ਹੋਵੇ ਤੇ ਬਚਣ ਦੀ ਉਮੀਦ ਬਿਲਕੁਲ ਘੱਟ। ......ਤੇ ਇਹ ਗੱਲ ਕੁਝ ਹੱਦ ਤੱਕ ਠੀਕ ਵੀ ਸੀ। ਨਹੀਂ ਤਾਂ ਹੁਣ ਏਥੇ ਵੀ ਬਹੁਤ ਚੰਗੇ ਡਾਕਟਰ ਤੇ ਹਸਪਤਾਲ ਸਨ ਤੇ ਵਾਹ ਲੱਗਦੀ ਮਰੀਜ਼ ਨੂੰ ਤੱਤੀ ਵਾ ਨਈ ਲੱਗਣ ਦਿੰਦੇ ਸਨ।

ਦੋਹੇਂ ਮੁੰਡੇ ਘਰ ਆ ਗਏ। ਘਰਦਿਆਂ ਨੇ ਅਜੇ ਪੁੱਛਣਾ ਸੀ ਕਿ "ਦੇ ਆਏ ਪਲੇਟਾਂ ਡਾਕਟਰ ਨੂੰ......" ਪਰ ਇਹਨਾਂ ਦੇ ਮੂੰਹਾਂ ਦੇ ਉੱਡੇ ਹੋਏ ਰੰਗ ਨੂੰ ਵੇਖ ਕੇ ਕਿਸੇ ਦੀ ਹਿੰਮਤ ਨਾ ਪਈ। ਕੁਝ ਦੇਰ ਬਾਅਦ ਬਿੰਦਰ ਨੇ ਸਾਰਿਆਂ ਨੂੰ ਦੱਸ ਦਿੱਤਾ।

"......ਤੇ ਹੁਣ ਡਾਕਟਰ ਆਂਹਦੈ ਬਈ ਪੀਤੇ ਨੂੰ ਛੇਤੀ-ਛੇਤੀ ਲੁਧਿਆਣੇ ਲੈ ਜੋ"

ਸਾਰਿਆਂ ਦੇ ਮੂੰਹ 'ਤੇ ਪਲੱਤਣਾ ਫਿਰ ਗਈਆਂ...... ਤੇ ਫਿਰਨ ਵੀ ਕਿਉਂ ਨਾ ?

ਇਕ ਤਾਂ ਸਾਰਿਆਂ ਨੂੰ ਇਹ ਡਰ ਪੈ ਗਿਆ ਸੀ ਕਿ ਪਤਾ ਨਹੀਂ ਮੁੰਡੇ ਨੂੰ ਕੇਹੀ ਚੰਦਰੀ ਬਿਮਾਰੀ ਲੱਗ ਗਈ ਹੋਵੇ ਤੇ ਦੂਜਾ ਡੀ.ਐਮ.ਸੀ. ਲੁਧਿਆਣੇ ਲਿਜਾਣ ਦਾ ਮਤਲਬ ਸੀ ਸਿੱਧਾ-ਸਿੱਧਾ ੪੦-੫੦ ਹਜ਼ਾਰ ਦਾ

ਖਰਚਾ... ਏਦੂੰ ਘੱਟ ਉੱਥੋਂ ਮੁੜਣਾ ਸੰਭਵ ਨਹੀਂ ਸੀ।

"ਹਾਏ ਓਏ ਰੱਬਾ...... ਆਹ ਕੀ ਇਮਤਿਹਾਨ ਲਈ ਜਾਨੈ......" ਸਾਰੇ ਪਰਿਵਾਰ ਤੋਂ ਪਾਸੇ ਹੋ ਕੇ ਇਹ ਹਉਂਕੇ ਲੈ ਰਿਹਾ ਸੀ।

ਖੈਰ... ਕੁਝ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਦੋਹੇਂ ਮੁੰਡੇ ਲੁਧਿਆਣੇ ਨੂੰ ਤੁਰ ਪਏ।

ਲੁਧਿਆਣੇ ਆਲੇ ਡਾਕਟਰ ਨੂੰ ਜਦੋਂ ਡਾਕਟਰ ਗਰਗ ਦੀ ਪਰਚੀ ਦਿਖਾਈ ਤਾਂ ਉਸਨੇ ਸਿੱਧਾ ਐਮਰਜੈਂਸੀ ਵਿਚ ਭੇਜ ਦਿੱਤਾ।

ਟੈਸਟ, ਇੰਜੈਕਸ਼ਨ, ਦਵਾਈਆਂ, ਡਰਿੱਪਾਂ ਸ਼ੁਰੂ ਹੋ ਗਈਆਂ। ਕਦੇ ਕੋਈ ਡਾਕਟਰ ਆ ਕੇ ਕੁਛ ਪੁੱਛ ਕੇ ਜਾਏ ਤੇ ਕਦੇ ਕੋਈ। ਆਥਣੇ ਜਹੇ ਉਹੀ ਡਾਕਟਰ ਆਇਆ ਜੀਹਨੂੰ ਇਹ ਆ ਕੇ ਸਭ ਤੋਂ ਪਹਿਲਾਂ ਮਿਲੇ ਸਨ।

"ਡਾਕਟਰ ਸਾਹਬ ਕੁਝ ਪਤਾ ਲੱਗਿਆ ਜੀ?" ਇਹਨਾਂ ਦੀ ਭੂਆ ਦੇ ਮੁੰਡੇ ਦੀਪ ਨੇ ਡਰਦੇ ਜਹੇ ਨੇ ਡਾਕਟਰ ਨੂੰ ਪੁੱਛਿਆ।

"ਵੇਖੋ, ਐਵੇਂ ਵੱਡੀਆਂ-ਵੱਡੀਆਂ ਗੱਲਾਂ ਕਰਨ ਦਾ ਅਜੇ ਕੋਈ ਫਾਇਦਾ ਨਹੀਂ... ਹੋ ਸਕਦੈ ਐਵੇਂ ਕੋਈ ਮਾਮੂਲੀ ਇਨਫੈਕਸ਼ਨ ਹੋਵੇ...... ਤੇ ਹੋ ਸਕਦੈ ਪ੍ਰੌਬਲਮ ਕੋਈ ਮੇਜਰ ਹੋਵੇ...... ਬਸ ਰਿਪੋਰਟਾਂ ਆਉਣ 'ਤੇ ਹੀ ਕੁਝ ਕਿਹਾ ਜਾ ਸਕਦੈ।" ਡਾਕਟਰ ਇਹਨਾਂ ਦੇ ਡਰ ਨੂੰ ਘਟਾਉਣ ਦੀ ਬਜਾਏ ਹੋਰ ਵਧਾ ਗਿਆ।

ਜਿੰਨਾ ਚਿਰ ਮੁੰਡਾ ਐਮਰਜੈਂਸੀ 'ਚ ਰਿਹਾ, ਕੋਈ ਨਾ ਕੋਈ ਟੈਸਟ ਹੁੰਦਾ ਹੀ ਰਿਹਾ। ਕਦੇ ਸਕੈਨ, ਕਦੇ ਅਲਟਰਾ ਸਾਊਂਡ, ਈ.ਸੀ.ਜੀ...... ਗੱਲ ਕੀ ੫-੪ ਘੰਟਿਆਂ ਵਿਚ ਹੀ ਰੁਪਈਆ ਤਾਂ ੧੦੦੦੦੦ ਤੋਂ ਉੱਤੇ ਲੱਗ ਗਿਆ ਪਰ ਬਿਮਾਰੀ ਅਜੇ ਪਕੜ ਵਿਚ ਨਹੀਂ ਆਈ ਸੀ।

....

ਓਧਰ ਪਿੰਡ ਏਹਦੀ ਟੁੱਟੀ ਹੋਈ ਬਾਂਹ ਵਿਚ ਅੰਤਾਂ ਦੀਆਂ ਚੀਸਾਂ ਉਠ ਰਹੀਆਂ ਸਨ। ਕੱਲ ਨੂੰ ਔਪਰੇਸ਼ਨ ਹੋਣਾ ਸੀ। ਪਰ ਔਪਰੇਸ਼ਨ ਦਾ ਸਮਾਨ ਅਜੇ ਡਾਕਟਰ ਕੋਲ ਨਹੀਂ ਸੀ ਪੁੱਜਾ। ਡਾਕਟਰ ਨੇ ਇਹ ਵੀ ਕਿਹਾ ਸੀ ਕਿ ਜੇ ਬੁੱਧਵਾਰ ਤੱਕ ਔਪਰੇਸ਼ਨ ਨਾ ਕੀਤਾ ਗਿਆ ਤਾਂ ਕੰਮ 'ਖ਼ਰਾਬ'

ਹੋ ਸਕਦਾ ਹੈ। ਪਰ...

....

ਲੁਧਿਆਣੇ ਆਲੇ ਡਾਕਟਰ ਨੇ ਅਗਲੇ ਦਿਨ ਬਿੰਦਰ ਤੇ ਦੀਪ ਨੂੰ ਆਪਣੇ ਘਰੇ ਸੱਦਿਆ।

"ਯਰ ਕੀ ਚੱਕਰ ਹੋਊ ਦੀਪ... ਸਾਲਾ ਮੈਨੂੰ ਤਾਂ ਡਰ ਜਿਹਾ ਲੱਗੀ ਜਾਂਦੈ..." ਡਾਕਟਰ ਦੇ ਘਰ ਨੂੰ ਜਾਂਦੇ ਹੋਏ ਬਿੰਦਰ ਨੇ ਆਪਣੇ ਦਿਲ ਦਾ ਡਰ ਦੀਪ ਨਾਲ ਸਾਂਝਾ ਕੀਤਾ।

"ਓ ਡਰ ਆਲੀ ਕੀ ਗੱਲ ਐ...... ਇਹ ਮੇਰੇ ਸਾਲੇ ਚਾਰ ਪੈਸੇ ਲਏ ਤੋਂ ਬਿਨਾ ਕਾਹਨੂੰ ਵੇਂਹਦੇ ਐ ਚੱਜ ਨਾਲ...... ਤੂੰ ਵੇਖਲੀਂ ਪੰਜ ਚਾਰ ਸੌਂ ਮੰਗੂਗਾ ਬਹਾਨੇ ਜਹੇ ਨਾਲ..." ਦੀਪ ਨੇ ਬਿੰਦਰ ਦਾ ਡਰ ਲਾਹੁਣਾ ਚਾਹਿਆ ਹਲਾਂਕਿ ਅੰਦਰੋਂ ਉਹ ਵੀ ਕੁਝ ਖਿੜਕਿਆ ਹੋਇਆ ਸੀ।

"ਦੇਖੋ ਬਈ ਮੁੰਡਿਓ..." ਡਾਕਟਰ ਨੇ ਬਿਨਾ ਭੂਮਿਕਾ ਬੰਨੇ ਗੱਲ ਸ਼ੁਰੂ ਕੀਤੀ "... ਭਾਵੇਂ ਰਿਪੋਰਟਾਂ ਤਾਂ ਨਈ ਆਈਆਂ ਅਜੇ... ਪਰ ਸਾਨੂੰ ਬਿਮਾਰੀ ਦਾ ਪਤਾ ਲੱਗ ਗਿਐ......"

ਇਹਨਾਂ ਦੋਹਾਂ ਵਿਚ ਤਾਂ ਏਨੀ ਹਿੰਮਤ ਵੀ ਨਹੀਂ ਸੀ ਰਹੀ ਕਿ ਡਾਕਟਰ ਨੂੰ ਪੁੱਛ ਸਕਣ ਕਿ ਡਾਕਟਰ ਸਾਹਬ ਕੀ ਬਿਮਾਰੀ ਐ ਪੀਤੇ ਨੂੰ...... ਪਰ ਕੁਝ ਦੇਰ ਪਿੱਛੋਂ ਡਾਕਟਰ ਆਪ ਹੀ ਬੋਲਿਆ।

"ਦੇਖੋ ਬਈ... ਮੈਂ ਤੁਹਾਨੂੰ ਕਿਸੇ ਭੁਲੇਖੇ ਵਿਚ ਨਹੀਂ ਰੱਖਣਾ ਚਾਹੁੰਦਾ... ਮੁੰਡੇ ਨੂੰ ਕੈਂਸਰ ਐ ਬਲੱਡ ਕੈਂਸਰ...... ਤੇ ਉਹ ਵੀ ਪਹਿਲੀ ਸਟੇਜ਼ ਟੱਪ ਚੁੱਕਿਐ..." ਦੋਹੇਂ ਮੁੰਡੇ ਸੁੰਨ ਹੋ ਗਏ। ਉਹਨਾਂ ਨੂੰ ਤਾਂ ਜਿਵੇਂ ਡਾਕਟਰ ਦੀ ਗੱਲ ਸੁਣੀ ਹੀ ਨਹੀਂ ਸੀ। ਦੋਹੇਂ ਡੌਰ-ਭੌਰ ਜਹੇ ਹੋਏ ਆਸੇ ਪਾਸੇ ਜੁ ਝਾਕਣ ਲੱਗੇ। ਬਿੰਦਰ ਦਾ ਤਾਂ ਮੂੰਹ ਹੀ ਅੱਡਿਆ ਰਹਿ ਗਿਆ। ਉਸਦੇ ਤਾਂ ਜਿਵੇਂ ਕਿਸੇ ਨੇ ਸਿਰ ਵਿਚ ਮਣਾ-ਮੂੰਹੀ ਭਾਰਾ ਪੱਥਰ ਦੇ ਮਾਰਿਆ ਸੀ। ਅਜੇ ਇਹ ਸਦਮੇਂ ਵਿਚੋਂ ਉੱਭਰੇ ਨਹੀਂ ਸਨ ਕਿ ਡਾਕਟਰ ਫੇਰ ਬੋਲਿਆ,

"ਕੁੱਲ ੬੦-੬੫ ਕਿਸਮ ਦੇ ਕੈਂਸਰ ਹੁੰਦੇ ਹਨ ਤੇ ਓਹਨਾਂ ਸਾਰਿਆਂ ਵਿਚੋਂ ਬਲੱਡ ਕੈਂਸਰ ਸਭ ਤੋਂ ਖਤਰਨਾਕ ਹੁੰਦੈ... ਤੇ ਮੈਂ ਤੁਹਾਨੂੰ ਏਹ ਵੀ ਸਾਫ ਕਰ ਦੇਵਾਂ ਕਿ ਇਲਾਜ਼ ਬਹੁਤ ਮਹਿੰਗਾ ਹੋਵੇਗਾ..."

ਹੁਣ ਜੇ ਡੀ.ਐਮ.ਸੀ. ਦਾ ਡਾਕਟਰ ਕਹਿ ਰਿਹਾ ਸੀ ਕਿ 'ਇਲਾਜ਼ ਮਹਿੰਗਾ ਹੋਵੇਗਾ' ਤਾਂ ਇਹ ਬਿਲਕੁਲ ਸਾਫ ਸੀ ਕਿ ਇਲਾਜ਼ ਸਚੁਮੱਚ ਮਹਿੰਗਾ ਹੋਵੇਗਾ, ਕਿਉਂਕਿ ਲੱਖ- ਦੋ ਲੱਖ ਦੇ ਖਰਚੇ ਨੂੰ ਤਾਂ ਇਹ ਨੌਰਮਲ ਖਰਚਾ ਹੀ ਦੱਸਦੇ ਹਨ ਤੇ ਮਹਿੰਗਾ ਮਤਲਬ......

ਦੋਹਾਂ ਮੁੰਡਿਆਂ ਨੂੰ ਸਮਝ ਨਾ ਆਵੇ ਕਿ ਹੁਣ ਕੀ ਕਰਨ। ਕੁੱਲ ਮਿਲਾ ਕੇ ੩੫-੪੦ ਹਜ਼ਾਰ ਸੀ ਉਹਨਾਂ ਕੋਲੇ ਤੇ ਜੀਹਦੇ ਵਿਚੋਂ ਹੁਣ ਤੱਕ ਮਸਾਂ ੧੦-੧੨ ਹਜਾਰ ਹੀ ਬਚਿਆ ਸੀ। ਬਿੰਦਰ ਤਾਂ ਨਾਲੇ ਰੋਈ ਜਾਂਦਾ ਸੀ ਤੇ ਨਾਲੇ ਐਵੇਂ ਬੇਥਵੀਆਂ ਜਹੀਆਂ ਮਾਰੀ ਜਾਂਦਾ ਸੀ। ਕਰ ਕਰਾ ਕੇ ਦੋਹਾਂ ਨੇ ਫੋਨ 'ਤੇ ਘਰੇ ਗੱਲ ਕੀਤੀ। ਬਿਮਾਰੀ ਤੇ ਖਰਚਾ ਦੋਹੇਂ ਗੱਲਾਂ ਸੁਣ ਕੇ ਸਾਰਾ ਟੱਬਰ ਬੂ-ਕੁਰਲਾਟ ਕਰਨ ਲੱਗਾ। ਕਿਸੇ ਨੂੰ ਸੁੱਧ ਨਾ ਰਹੀ। ਸਭ ਤੋਂ ਵੱਧ ਪੀਤੇ ਦੀ ਘਰਆਲੀ ਰੋ ਰਹੀ ਸੀ। ਓਹਨੂੰ ਵਿਆਹੀ ਆਈ ਨੂੰ ਅਜੇ ਚਾਰ ਸਾਲ ਤਾਂ ਹੋਏ ਸਨ।

ਸਾਰੇ ਟੱਬਰ ਨੂੰ ਰੋਂਦਾ ਵੇਖ ਕੇ ਇਹ ਆਪਣਾ ਦਿਲ ਕਰੜਾ ਰੱਖਣਾ ਚਾਹੁੰਦਾ ਸੀ, "ਹੂੰ...... ਕਮਲੇ ਐਂ ਤੁਸੀਂ ਤਾਂ... ਹੂੰ... ਐਵੇਂ ਡਾਟ ਪਾਈ ਜਾਨੇ ਐਂ... ਕੋਨੀ ਹੋਜੂ ਸਾਰਾ ਕੁਝ ਠੀਕ... ਪੈਸਿਆਂ ਦਾ ਕੀ ਐ... ਆਪਾਂ ਫੜ੍ਹਲਾਂਗੇ ਨਿੱਕੀ ਤੋਂ...... ਨਾਲੇ ਐਡੀ ਸੋਹਣੀ ਕਣਕ ਖੜੀ ਐ... ਕੋਈ ਨੀ ਜਵਾਬ ਦਿੰਦਾ ਪੈਸਿਆਂ ਨੂੰ... ਕਣਕ ਵੇਚ ਕੇ ਲਾਹ ਦਿਆਂਗੇ..." ਬੋਲਦਾ-ਬੋਲਦਾ ਇਹ ਖੇਤ ਨੂੰ ਤੁਰ ਪਿਆ।

ਇਕਦਮ ਕਾਲੇ ਘਣਘੋਰ ਬੱਦਲ ਛਾ ਗਏ। ਖੇਤ ਖੜਾ ਇਹ ਕਦੇ ਪੱਕੀ ਕਣਕ ਵੱਲ ਤੇ ਕਦੇ ਬੱਦਲਾਂ ਵੱਲ ਝਾਕੇ... ਅਜੇ ਮੀਂਹ ਸ਼ੁਰੂ ਨਹੀਂ ਹੋਇਆ ਸੀ।

"ਵੇਖੀਂ ਓ ਮਾਲਕਾ... ਜਾਹ ਜਾਂਦੀ ਨਾ ਕਰਦੀਂ ਕਿਤੇ" ਏਹਦੇ ਮੂੰਹੋਂ ਆਪਮੁਹਾਰੇ ਨਿਕਲਿਆ।

ਘਰ ਪਹੁੰਚਦੇ-ਪਹੁੰਚਦੇ ਮੀਂਹ ਪੂਰੇ ਜੋਰ ਨਾਲ ਸ਼ੁਰੂ ਹੋ ਗਿਆ ਸੀ। ਕਣਕ ਦੀ ਜਿਹੜੀ ਬੱਲੀ 'ਤੇ ਮੀਂਹ ਦੀ ਜੋਰਦਾਰ ਕਣੀ ਵੱਜਦੀ ਉਹ ਸਾਰੀ ਕਿਰ ਕੇ ਹੇਠਾਂ ਖਿੱਲਰ ਜਾਂਦੀ ਤੇ ਨਾਲ ਹੀ ਕਿਸਾਨਾਂ ਦਾ ਕਾਲਜਾ ਵੀ ਮੂੰਹ ਨੂੰ ਆ ਜਾਂਦਾ।

ਵੱਡੇ ਦਰਵਾਜੇ ਵਿਚ ਏਹਦਾ ਪੈਰ ਤਿਲਕ ਗਿਆ ਤੇ ਟੁੱਟੀ ਹੋਈ ਬਾਂਹ ਦੇ ਭਾਰ ਕੌਲੇ ਨਾਲ ਜਾ ਵੱਜਿਆ। ਅੰਤਾਂ ਦੀ ਪੀੜ ਹੋਈ ਪਰ ਦੰਦਾਂ ਥੱਲੇ ਜੀਭ ਲੈ ਕੇ ਪੀ ਲਈ। ਅਜੇ ਘਰੇ ਵੜਿਆ ਈ ਸੀ ਕਿ ਏਹਦੇ ਛੋਟੇ ਭਰਾ ਦਾ ਮੁੰਡਾ ਸੀਸਾ ਭੱਜਿਆ-ਭੱਜਿਆ ਆਇਆ ਤੇ ਬੋਲਿਆ, "ਭਾਪਾ, ਬਿੰਦਰ ਹੁਣਾ ਦਾ ਫੋਨ ਆਇਆ ਸੀ... ਪੈਸੇ ਆਂਹਦਾ ਸੀ... ਕੱਲ ਨੂੰ ਜਰੂਰੀ ਚਾਹੀਦੇ ਐ...।"

ਏਨੇ ਨੂੰ ਗੜੇ ਪੈਣੇ ਵੀ ਸ਼ੁਰੂ ਹੋ ਗਏ। ਹੱਥ ਟੁੱਟੀ ਬਾਂਹ 'ਤੇ ਧਰੀ ਇਹ ਕਦੇ ਕਣਕ ਬਾਰੇ, ਕਦੇ ਲੁਧਿਆਣੇ ਭੇਜਣ ਆਲੇ ਪੈਸਿਆਂ ਬਾਰੇ ਤੇ ਕਦੇ ਆਪਣੇ ਔਪਰੇਸ਼ਨ ਬਾਰੇ ਸੋਚ ਰਿਹਾ ਸੀ।

ਓਧਰ ਪੀਤੇ ਦਾ ਮੁੰਡਾ ਵਿਲਕ ਰਿਹਾ ਸੀ। ਉਸ ਨੂੰ ਚੁੱਪ ਕਰਾਉਣ ਲਈ ਏਹਦੀ ਘਰਆਲੀ ਓਹਨੂੰ ਬਾਤ ਸੁਣਾ ਕੇ ਸਵਾਉਂਣ ਦਾ ਯਤਨ ਕਰ ਰਹੀ ਸੀ,

"ਚਿੜੀ ਵਿਚਾਰੀ ਕੀ ਕਰੇ
ਕਿਹੜੇ ਖੂਹੇ ਡੁੱਬ ਮਰੇ......"

ਪੰਨਾ-54 ਦਾ ਬਾਕੀ

5) ਭਾਈ ਅਨੋਖ ਸਿੰਘ ਬੱਬਰ ਦੀ ਖੋਪਰੀ ਲਾਹ ਦਿੱਤੀ ਗਈ, ਅੱਖਾਂ ਕੱਢ ਦਿੱਤੀਆਂ ਗਈਆਂ ਤੇ ਜੀਭ ਕੱਟ ਦਿੱਤੀ ਗਈ।

(6) ਸੰਤ ਕਰਤਾਰ ਸਿੰਘ ਬੱਢੂ ਸਾਹਿਬ ਵਾਲਿਆਂ ਨੂੰ ਦੋ ਸਾਥੀਆਂ ਨਾਲ ਜੀਪ ਦੇ [illegible] ਦਿੱਤਾ ਗਿਆ।

(7) ਭਾਈ ਬਲਵਿੰਦਰ ਸਿੰਘ ਜਟਾਣੇ ਦਾ ਸਾਰਾ ਪਰਿਵਾਰ ਕਤਲ ਕਰ ਦਿੱਤਾ।

ਨਹੁੰ ਮਾਸ ਦਾ ਰਿਸ਼ਤਾ

ਛੋਟੇ ਜਿਹੇ ਹੁੰਦਿਆਂ ਤੋਂ ਹੀ ਉਹ ਇਹ ਸੁਣਦਾ ਆ ਰਿਹਾ ਸੀ। ਕਦੇ ਕਿਸੇ ਵੱਡੇ ਬਜ਼ੁਰਗ ਕੋਲੋਂ, ਕਦੇ ਸਕੂਲ ਵਿਚੋਂ, ਕਦੇ ਸੱਥ ਵਿਚ ਤਾਸ਼ ਖੇਡਦਿਆਂ ਤੋਂ ਤੇ ਕਦੇ ਗੁਰਦੁਆਰੇ ਆਲੇ ਭਾਈ ਜੀ ਤੋਂ.....।

'ਹਿੰਦੂਆਂ ਤੇ ਸਿੱਖਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ।'

ਪਤਾ ਨਹੀਂ ਜਵਾਨ ਹੋਣ ਤੱਕ ਉਸ ਨੇ ਇਹ ਸ਼ਬਦ ਕਿੰਨੇ ਵਾਰ ਸੁਣੇ ਸਨ.....ਸ਼ਾਇਦ ਅਣਗਿਣਤ ਵਾਰ।

ਕਰਮਜੀਤ, ਚਹਿਲ ਪਿੰਡ ਦੇ ਸੰਧੂ ਸਰਦਾਰਾਂ ਦੇ ਘਰੇ ਜੰਮਿਆਂ ਸੀ। ਇਹ ਪਰਿਵਾਰ ਪਿੰਡ ਵਿਚਲੇ ਕੁਝ ਕੁ ਚੁਣਵੇਂ ਗੁਜ਼ਾਰੇ ਵਾਲੇ ਪਰਿਵਾਰਾਂ ਵਿਚੋਂ ਸਭ ਤੋਂ ਸਿਰ ਕੱਢਵਾਂ ਸੀ। ੮੦ ਕਿੱਲੇ, ਛੋਟੇ ਦੇ ਸਿਰ ਵਰਗੀ ਸ਼ਹਿਰ ਨਾਲ ਲੱਗਦੀ ਜ਼ਮੀਨ ਸੀ। ਅੱਜ ਦੇ ਭਾਅਵਾਂ ਦੇ ਹਿਸਾਬ ਨਾਲ ਬਣਦੇ ਸੀ ਸਿਧੇ ੧੦੦ ਕਰੋੜ। ਓਦੋਂ ਪੜ੍ਹਣ ਲਿਖਣ ਦਾ ਪਿੰਡਾਂ ਵਿਚ ਘੱਟ ਹੀ ਰਿਵਾਜ ਸੀ। ਪਰ ਕਰਮਜੀਤ ਦੇ ਪਿਓ ਨੇ ਇਸ ਨੂੰ ਘਰ ਦੇ ਕੰਮਾਂ ਤੋਂ ਦੂਰ ਰਖਿਆ ਤੇ ਸਿਰਫ ਮਨ ਲਗਾ ਕੇ ਪੜ੍ਹਾਈ ਕਰਨ ਤੇ ਹੀ ਜ਼ੋਰ ਦਿੱਤਾ। ਸਾਰੇ ਪਿੰਡ ਵਿਚੋਂ ਕਰਮਜੀਤ ਸਭ ਤੋਂ ਵੱਧ ਪੜ੍ਹ ਗਿਆ ਸੀ। ੭੨ ਵਿਚ ਇਸ ਨੇ ਬੀ.ਏ. ਕੀਤੀ, ਜਿਹੜੀ ਉਸ ਵੇਲੇ ਸ਼ਾਇਦ ਨੇੜੇ ਦੇ ੨੦-੨੫ ਪਿੰਡਾਂ ਵਿਚ ਕਿਸੇ ਨੇ ਨਹੀਂ ਕੀਤੀ ਸੀ।

"ਤਾਂ ਫੇਰ ਬੀ.ਆ. ਕਰ ਗਿਐਂ, ਸੰਧੂਆ ...."

"ਸ਼ਾਬਾਸ਼ੇ ਬਈ ਪਿੰਡ ਦਾ ਨਾਮ ਕੱਢਤਾ ਸਾਰੇ 'ਲਾਕੇ 'ਚ" ਤਕੀਏ 'ਚ ਬੈਠੇ ਬਜ਼ੁਰਗ ਉਸ ਨੂੰ ਲੰਘਦੇ ਨੂੰ ਕਈ ਵਾਰ ਹੱਲਾਸ਼ੇਰੀ ਦਿੰਦੇ।

"ਲੈ ਬੀ ਪਾੜ੍ਹਿਆ, ਹੁਣ ਕੋਈ ਚੰਗਾ ਅਫਸਰ ਬਣ ਕੇ ਪਿੰਡ ਦਾ ਨਾਮ ਹੋਰ ਉੱਚਾ ਕਰ ਦੇ.... ਤਾਂ ਕਿ ਆਹ ਪਿੰਡ ਦੀ ਵਿਹਲੀ ਫਿਰਦੀ ਮੁੰਡੀਹਰ ਨੂੰ ਵੀ ਕੋਈ ਅਕਲ ਆ ਸਕੇ.... ਇਹਨਾਂ ਨੇ ਤਾਂ ਮੇਰੇ ਸਾਲਿਆਂ ਨੇ ਇਕੋ ਡਿਗਰੀ ਕੀਤੀ ਐ.... ਸ਼ਰਾਬ ਕੱਢਣ ਦੀ ਡਿਗਰੀ.... ਪਰ ਤੂੰ

ਕੋਈ ਚੰਗਾ ਅਫਸਰ ਬਣ ਜਈਂ....." ਕੁਝ ਸਿਆਣੇ ਬਜ਼ੁਰਗ ਉਸ ਨੂੰ ਨਸੀਹਤ ਦਿੰਦੇ।

ਉਹ ਵੀ ਹੁਣ ਕਿਸੇ ਚੰਗੀ ਨੌਕਰੀ ਬਾਰੇ ਸੋਚ ਰਿਹਾ ਸੀ। ਉਸ ਦੀ ਭੂਆ ਦਾ ਪੁੱਤ ਓਦੋਂ ਫੌਜ ਵਿਚ ਸੀ। ਉਸ ਨੇ ਕਹਿ-ਕੁਹਾ ਕੇ ਇਸ ਨੂੰ ਵੀ ਫੌਜ ਵਿਚ ਕਰਵਾ ਦਿੱਤਾ। ਚੰਗੀ ਪੜ੍ਹਾਈ ਹੋਣ ਕਰਕੇ ਇਹ ਛੇਤੀ ਹੀ ਮੇਜਰ ਬਣ ਗਿਆ।

ਇਕ ਦਿਨ ਇਹਦੇ ਨਾਲ ਦੇ ਸਾਥੀ ਬੈਠੇ ਗੱਲਾਂ ਕਰ ਰਹੇ ਸਨ,

"... ਓ ਪਾਕਿਸਤਾਨ ਤੋਂ ਪੰਜਾਬ ਨੂੰ ਕੀ ਮਿਲਣਾ ਸੀ... ਘੰਟਾ... ਉਹਨਾਂ ਦੇ ਆਵਦੇ ਪੱਲੇ ਕੀ ਐ.... ਭੁੱਖ ਨੰਗ ਨਾਲ ਤਾਂ ਘੁਲਦੇ ਐ...।

"ਪਰ ਜੇ ਸਿੱਖ ਮੁਸਲਮਾਨਾਂ ਨਾਲ ਸੰਧੀ ਕਰ ਲੈਂਦੇ ਤਾਂ ਏਧਰਲਾ ਪੰਜਾਬ ਵੀ ਓਧਰ ਰਲ ਜਾਣਾ ਸੀ...."

"ਸਿੱਖਾਂ ਦੀ ਮੁਗਲਾਂ ਨਾਲ ਸੰਧੀ ਤਾਂ ਕਿਸੇ ਹਾਲਤ 'ਚ ਵੀ ਨਹੀਂ ਹੋ ਸਕਦੀ ਸੀ..... ਕੀ ਸਿੱਖ, ਇਤਿਹਾਸ ਨੂੰ ਭੁੱਲ ਜਾਂਦੇ..... ਕੀ ਔਰੰਗਜ਼ੇਬ, ਮੀਰ ਮਨੂੰ, ਜ਼ਕਰੀਆ ਖਾਨ, ਵਜ਼ੀਰ ਖਾਨ ਸਿੱਖਾਂ ਨੂੰ ਨਹੀਂ ਸਨ। ਨਾਲੇ ਸਿਖਾਂ ਤੇ ਹਿੰਦੂਆਂ ਦਾ ਤਾਂ ਸਾਹਬ "ਨਹੁੰ ਮਾਸ ਦਾ ਰਿਸ਼ਤੈ".... ਹਿੰਦੁਸਤਾਨ ਵਿਚ ਜਿੰਨੇ ਸਿੱਖ ਮਹਿਫੂਜ਼ ਹਨ ਓਨੇ ਹੋਰ ਕਿਤੇ ਨਹੀਂ ਹੋ ਸਕਦੇ..."

"ਪਰ ਕੀ, ਚੰਦੂ, ਗੰਗੂ, ਸੱਚਾ ਨੰਦ, ਲਖਪਤ....ਜਸਪਤ, ਧਿਆਨ ਸਿਹੁੰ, ਗੁਲਾਬ ਸਿਹੁੰ, ਤੇਜਾ ਸਿਹੁੰ, ਲਾਲ ਸਿਹੁੰ ਵੀ ਮੁਸਲਮਾਨ ਸਨ... ਉਹਨਾਂ ਨੇ ਕਿਹੜਾ ਸਿੱਖਾਂ ਨਾਲ ਘੱਟ ਗੁਜ਼ਾਰੀ"

"ਓ ਕੁਝ ਬੰਦਿਆਂ ਦੀਆਂ ਗਲਤੀਆਂ ਕਰਕੇ ਕੋਈ ਕੌਮ ਮਾੜੀ ਨਹੀਂ ਹੋ ਜਾਂਦੀ...."

"ਤੇ ਕੀ ਮੁਸਲਮਾਨਾਂ ਵਾਲੇ ਮਾਮਲੇ ਵਿਚ ਇਹੀ ਗੱਲ ਨਹੀਂ ਹੋ ਸਕਦੀ...."

ਏਸ ਗੱਲ ਤੋਂ ਬਾਅਦ ਬਹਿਸ ਖਤਮ ਹੋ ਗਈ। ਕਰਮਜੀਤ ਪਿਆ ਇਹੀ ਸੋਚ ਰਿਹਾ ਸੀ ਕਿ ਕੀ ਸਿੱਖ ਹਿੰਦੁਸਤਾਨ ਵਿਚ ਮਹਿਫੂਜ਼ ਹਨ? ਉਸ ਨੂੰ ਪੰਜਾਬੀ ਸੂਬੇ ਵੇਲੇ ਹਿੰਦੁਸਤਾਨੀ ਸਰਕਾਰ ਵੱਲੋਂ ਸਿੱਖਾਂ 'ਤੇ ਢਾਹਿਆ ਗਿਆ ਕਹਿਰ ਚੇਤੇ ਸੀ। ਭੀਮ ਸੈਨ ਸੱਚਰ ਵਲੋਂ ਦਰਬਾਰ ਸਾਹਿਬ ਤੇ

ਚਾੜ੍ਹੀ ਗਈ ਫੌਜ......

"ਹੇ ਵਾਹਿਗੁਰੂ, ਐਹੋ ਜਿਹਾ ਭਾਣਾ ਕਦੇ ਮੁੜ ਨਾ ਵਾਪਰੇ....ਸਭ ਸੁਖ ਸ਼ਾਂਤੀ ਰਹੇ" ਉਸ ਦੇ ਸੁਤੇ ਸਿਧ ਮੂੰਹੋਂ ਨਿਕਲ ਗਿਆ। ਪਰ......ਇਹ ਸ਼ਾਂਤੀ ਬਹੁਤੀ ਦੇਰ ਨਾ ਰਹੀ। ਭੁੱਖੇ ਸਿਆਸੀ ਕਾਂਗਰਸੀ ਤੇ ਜਨਸੰਘੀ ਬਘਿਆੜਾਂ ਦੀ ਫੈਲਾਈ ਜਾ ਰਹੀ ਨਫਰਤ ਤੇ ਪੰਜਾਬ ਨਾਲ ਨਿਤ ਨਵੇਂ ਸੂਰਜ ਕੀਤੇ ਜਾਂਦੇ ਵਿਤਕਰਿਆਂ ਨਾਲ ਹੁਣ ਪੰਜਾਬ ਦੇ ਲੋਕਾਂ ਅੰਦਰ ਗੁੱਸੇ ਦੇ ਭਾਂਬੜ ਮਚ ਰਹੇ ਸਨ। ਬਾਹਮਣ ਦੇ ਨਿਤ ਬਦਲਦੇ ਰੂਪ ਤੋਂ ਉਹ ਅੱਕ ਚੁੱਕੇ ਸਨ।

ਤੇ ਆਖਰ ੭੮ ਦੇ ਖੂਨੀ ਸਾਕੇ ਤੋਂ ੬ ਸਾਲ ਪਿਛੋਂ ੧੯੮੪ ਵਿਚ ਜਦੋਂ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ 'ਤੇ ਭਾਰਤੀ ਫੌਜ ਨੇ ਟੈਂਕਾਂ ਤੋਪਾਂ ਦੇ ਗੋਲੇ ਵਰ੍ਹਾਏ ਤਾਂ ਸਾਰੀ ਸਿੱਖ ਕੌਮ ਮਾਨੋ ਜਿਵੇਂ ਲਾਵੇ ਵਾਂਗ ਤੜਪਣ ਲੱਗੀ।

ਕਰਮਜੀਤ ਬੈਠਾ ਨਹੁੰ ਕੱਟ ਰਿਹਾ ਸੀ। ਇਕ ਦਮ ਉਸ ਦੇ ਮਨ ਵਿਚ ਖਿਆਲ ਆਇਆ, 'ਨਹੁੰ ਮਾਸ ਦਾ ਰਿਸ਼ਤਾ.....' ਕੀ ਜਿਵੇਂ ਅਸੀਂ ਨਹੁੰ ਵਧ ਜਾਣ ਤੇ ਉਹਨਾਂ ਨੂੰ ਕੱਟ ਕੇ ਸੁੱਟ ਦਿੰਦੇ ਹਾਂ....ਉਵੇਂ ਹੀ ਸਿੱਖਾਂ ਨੂੰ.....ਨਹੁੰ ਤੇ ਮਾਸ ਵਿਚੋਂ ਸਿੱਖ ਤਾਂ ਨਹੁੰ ਹੀ ਹਨ.....ਤੇ ਜਦੋਂ ਉਹ ਕੁਝ ਵੱਡੇ ਹੁੰਦੇ ਜਾਪਦੇ ਹਨ ਤਾਂ ਉਹਨਾਂ ਨੂੰ ਵੱਢ ਕੇ....."

"ਕਰਮਜੀਤ...... ਓ ਕਰਮਜੀਤ....." ਉਸਦੇ ਨਾਲ ਦੇ ਸਾਥੀ ਭੱਜੇ ਆਉਂਦੇ ਸਨ.... ਜਿਹਨਾਂ ਨੇ ਉਸ ਨੂੰ ਇਕਦਮ ਕਈ ਆਵਾਜ਼ਾਂ ਦਿੱਤੀਆਂ। ਸੁਣ ਕੇ ਇਹ ਇਕਦਮ ਘਬਰਾ ਗਿਆ ਤੇ ਬਲੇਟ ਨਾਲ ਇਸ ਦਾ ਇਕ ਨਹੁੰ ਕੱਚਾ ਲਹਿ ਗਿਆ।

"ਕੀ ਹੋਇਆ.....ਤੂੰ ਏਨਾ ਘਬਰਾਇਆ ਕਿਉਂ ਐਂ...."

"ਦਰਬਾਰ ਸਾਹਿਬ ਢਾਹੁਣ ਦੇ ਰੋਸ ਵਜੋਂ ਹਿੰਦੁਸਤਾਨ ਦੀਆਂ ਕਈ ਛਾਉਣੀਆਂ ਵਿਚ ਸਿੱਖ ਫੌਜੀਆਂ ਨੇ ਬਗਾਵਤ ਕਰ ਦਿੱਤੀ ਐ.... ਤੇ ਆਪਣੀ ਸਿਖ ਰੈਜਮੈਂਟ ਵੀ...." ਉਸ ਤੋਂ ਗੱਲ ਪੂਰੀ ਨਾ ਹੋਈ, ਪਰ ਫੇਰ ਵੀ ਇਹ ਸਾਰੀ ਗੱਲ ਸਮਝ ਗਿਆ। ਇਹ ਦੋਵੇਂ ਜਾਣੇ ਵੀ ਆਪਣੇ ਸਾਥੀਆਂ ਨਾਲ ਸ਼ਾਮਲ ਹੋਣ ਲਈ ਦੌੜ ਪਏ। ਕਰਮਜੀਤ ਦੇ ਕੱਚੇ ਲੱਥੇ ਨਹੁੰ ਵਿਚ

ਲਹੂ ਵਗ ਰਿਹਾ ਸੀ।

ਛਾਉਣੀਆਂ ਛੱਡ ਕੇ ਆਏ ਫੌਜੀਆਂ ਨੇ ਅੰਮ੍ਰਿਤਸਰ ਵੱਲ ਨੂੰ ਕੂਚ ਕਰ ਦਿੱਤਾ ਸੀ। ਰਸਤੇ ਵਿਚ ਇਹਨਾਂ ਦੀਆਂ ਬਹੁਤ ਝੜਪਾਂ ਹੋਈਆਂ, ਪਰ ਇਹਨਾਂ ਨੇ ਕੋਈ ਵੀ ਨਿਰਦੋਸ਼ ਆਦਮੀ ਨਹੀਂ ਮਾਰਿਆ। ਕਈ ਥਾਈਂ ਇਹਨਾਂ ਨੂੰ ਘੇਰ ਕੇ ਪੁਲਿਸ ਤੇ ਫੌਜ ਨੇ ਗੋਲੀਆਂ ਦਾ ਮੀਂਹ ਵਰਾਇਆ ਤੇ ਇਹਨਾਂ ਦੇ ਨਾਲ ਦੇ ਬਹੁਤ ਸਾਥੀ ਮਾਰ ਦਿੱਤੇ ਸਨ। ਹਕੂਮਤ ਨੇ ਬਾਗੀ ਹੋਏ ਇਹਨਾਂ ਸਿੱਖ ਫੌਜੀਆਂ ਨੂੰ 'ਭਗੋੜੇ' ਘੋਸ਼ਿਤ ਕਰ ਦਿੱਤਾ ਸੀ ਤੇ ਇਹਨਾਂ ਨਾਲ 'ਵਾਰ ਕ੍ਰਿਮੀਨਲਜ਼' ਵਾਂਗ ਨਿਬੜਨ ਲਈ ਆਦੇਸ਼ ਕਰ ਦਿੱਤੇ ਸਨ।

"ਨਹੁੰ ਮਾਸ ਦਾ ਰਿਸ਼ਤਾ........." ਜਦੋਂ ਕਰਮਜੀਤ ਢੱਠੇ ਅਕਾਲ ਤਖਤ ਮੂਹਰੇ ਖੜਾ ਸੀ ਤਾਂ ਜੇ ਕੋਈ ਉਸ ਦੇ ਸਾਹਮਣੇ ਇਹ ਸ਼ਬਦ ਬੋਲ ਦਿੰਦਾ ਤਾਂ ਸ਼ਾਇਦ ਉਹ ਉਸ ਨੂੰ ਕੁੱਟ-ਕੁੱਟ ਕੇ ਹੀ ਮਾਰ ਦਿੰਦਾ। ਏਨੀ ਮਾੜੀ ਹਾਲਤ ਤਾਂ ਉਸਦੀ ਕਦੇ ਨਹੀਂ ਹੋਈ ਸੀ। ਅਕਾਲ ਤਖਤ ਸਾਹਵੇਂ ਗੋਡਿਆ ਭਾਰ ਹੋਇਆ, ਉਹ ਧਾਹਾਂ ਮਾਰ-ਮਾਰ ਕੇ ਰੋ ਰਿਹਾ ਸੀ।

ਫੌਜ ਤਾਂ ਉਸ ਨੇ ਛੱਡ ਹੀ ਦਿੱਤੀ ਸੀ, ਹੁਣ ਉਸ ਦਾ ਕੁਝ ਹੋਰ ਕਰਨ ਨੂੰ ਵੀ ਦਿਲ ਨਹੀਂ ਕਰਦਾ ਸੀ।

ਸੱਥ ਵਿਚ ਦੀ ਲੰਘਦੇ ਨੂੰ, ਇਕ ਬਜ਼ੁਰਗ ਨੇ ਕਿਹਾ, "ਸ਼ੇਰਾ, ਆਏਂ ਥੋਨੂੰ ਫੌਜ ਛੱਡਣੀ ਨਹੀਂ ਚਾਹੀਦੀ ਸੀ....ਥੋਨੂੰ ਗੁਰੂ ਦੀ ਸਹੁੰ ਪਵਾਈ ਸੀ ਅਗਲਿਆਂ ਨੇ.... ਥੋਨੂੰ ਤੋੜਨੀ ਨਹੀਂ ਚਾਹੀਦੀ ਸੀ...."

"ਪਰ ਬਾਬਾ ਜਦੋਂ ਅਗਲਿਆਂ ਨੇ ਗੁਰੂ ਵਿਚ ਦੀ ਹੀ ਗੋਲੀਆਂ ਕੱਢ ਦਿੱਤੀਆਂ..... ਫੇਰ ਸਹੁੰ ਕਿੱਥੇ ਰਹਿ ਗਈ.... ਨੌਹਾਂ ਨਾਲੋਂ ਮਾਸ ਤਾਂ ਅਗਲਿਆਂ ਨੇ ਤੋੜ-ਤੋੜ ਕੇ ਲਾਹਿਐ ਤੇ ਅਸੀਂ ਕਮਲੇ ਆਂ ਜਿਹੜੇ ਅਜੇ ਵੀ ਉਹਨਾਂ ਦੇ ਭਲੇ ਬਾਰੇ ਸੋਚੀ ਜਾਨੇ ਆਂ...."

ਪੰਜਾਬ ਦੇ ਲੱਖਾਂ ਲੋਕਾਂ ਵਾਂਗ ਕਰਮਜੀਤ ਦੀ ਵੀ ਸਿੱਖ ਸੰਘਰਸ਼ ਨਾਲ ਨੇੜਤਾ ਹੋ ਗਈ ਸੀ। ਭਾਵੇਂ ਉਸ ਨੇ ਆਪ ਹਥਿਆਰ ਨਹੀਂ ਚੁੱਕੇ ਸਨ, ਪਰ ਘਰ ਆਏ ਸਿੰਘਾਂ ਦੀ ਰੋਟੀ-ਪਾਣੀ ਨਾਲ ਸੇਵਾ ਤਾਂ ਉਹ ਕਰ ਹੀ ਦਿੰਦਾ ਸੀ ਤੇ ਲੋੜ ਪੈਣ ਤੇ ਪੈਸੇ ਧੇਲੇ ਨਾਲ ਵੀ ਉਹਨਾਂ ਦੀ ਮਦਦ ਕਰ ਦਿੰਦਾ ਸੀ।

ਬਸ ਇਸੇ ਕਰਕੇ ਪੁਲਿਸ ਦੀ ਨਜ਼ਰ ਉਸ 'ਤੇ ਰਹਿਣ ਲੱਗ ਪਈ। ਘਰ ਖੇਤਾਂ ਵਿਚ ਹੋਣ ਕਰਕੇ ਉਥੇ ਆਉਣ ਜਾਣ ਵਾਲੇ 'ਤੇ ਦੂਰੋਂ ਹੀ ਨਜ਼ਰ ਰੱਖੀ ਜਾ ਸਕਦੀ ਸੀ। ਇਕ ਦਿਨ ਮਾਲਵੇ ਦੇ ਚੋਟੀ ਦੇ ਜੁਝਾਰੂਆਂ ਦੀ ਮੀਟਿੰਗ ਕਰਮਜੀਤ ਦੇ ਘਰੇ ਚੱਲ ਰਹੀ ਸੀ। ਕਿਸੇ ਟਾਊਟ ਦੀ ਸੂਹ 'ਤੇ ਪੁਲਿਸ ਦੀ ਰੇਡ ਹੋ ਗਈ। ਸਿੰਘ ਤਾਂ ਸਾਰੇ ਬਚ ਕੇ ਨਿਕਲ ਗਏ। ਪਰ ਉਹਨਾਂ ਦੀ ਇਕ ਏ.ਕੇ. ੪੭ ਉਥੇ ਰਹਿ ਗਈ। ਬਸ ਪੁਲਿਸ ਨੂੰ ਸਬੂਤ ਮਿਲ ਗਿਆ ਤੇ ਉਹਨਾਂ ਨੇ ਕਰਮਜੀਤ ਨੂੰ ਚੁੱਕ ਲਿਆ।

......ਤੇ ਅੱਜ ਪੂਰੇ ੪ ਮਹੀਨੇ ਹੋ ਗਏ ਸਨ ਉਸ ਨੂੰ ਬੁਚੜਖਾਨੇ ਵਿਚ ਪਏ ਨੂੰ। ਉਸ ਤੋਂ ਪਾਸਾ ਵੀ ਨਹੀਂ ਸੀ ਲਿਆ ਜਾਂਦਾ। ਕਈ ਦਿਨ ਪੁਲਿਸ ਵਾਲੇ ਉਸ ਨੂੰ ਪੁੱਠਾ ਲਮਕਾ ਕੇ ਕੁੱਟਦੇ ਰਹੇ। ਗੁਪਤ ਅੰਗਾਂ 'ਤੇ ਕਰੰਟ ਲਗਾਇਆ ਗਿਆ, ਗਰਮ ਲੋਹੇ ਦੀਆਂ ਸਲਾਖਾਂ ਵੀ ਪਿੰਡੇ ਤੇ ਕਈ ਥਾਈਂ ਲਗਾਈਆਂ ਗਈਆਂ।

ਤੇ ਫੇਰ ਥਾਣੇਦਾਰ ਆਇਆ।

"ਓ ਏਸ ਕੁੱਤੇ ਨੇ ਬਕਿਆ ਕੁਛ ਕੇ ਨਹੀਂ...।"

"ਜਨਾਬ ਕੁਝ ਨਹੀਂ ਬੋਲਿਆ ਜੀ....ਅਸੀਂ ਤਾਂ ਬਥੇਰਾ ਜੋਰ ਲਾਇਐ।"

"ਇਹਦੀ .....ਡ 'ਚ ਮਿਰਚਾਂ ਵਾਲਾ ਡੰਡਾ ਧੱਕੋ ....ਨਹੁੰ ਖਿੱਚੇ ਇਹਦੇ ?......"

"ਨਹੀਂ ਜੀ......"

"ਲਿਆਓ ਫਿਰ ਪਲਾਸ...."

ਕਪੜੇ ਸਿਊਣ ਵਾਲੀ ਸੂਈ ਉਸ ਦੇ ਹੱਥਾਂ ਪੈਰਾਂ ਦੇ ਨਹੁੰਆਂ ਵਿਚ ਧੱਕੀ ਗਈ। ਕਰਮਜੀਤ ਸਿੰਘ ਦੀਆਂ ਚੀਕਾਂ ਨਿਕਲ ਗਈਆਂ। ਸਾਰੀਆਂ ਉਂਗਲਾਂ ਵਿਚੋਂ ਲਹੂ ਦੀਆਂ ਧਤੀਰੀਆਂ ਵਗ ਰਹੀਆਂ ਸਨ।

ਜਦੋਂ ਉਸ ਨੂੰ ਸੁਰਤ ਆਈ ਤਾਂ ਉਸ ਦੀਆਂ ਹੱਥਾਂ ਪੈਰਾਂ ਦੀਆਂ ਸਾਰੀਆਂ ਉਂਗਲਾਂ ਦੇ ਨਹੁੰ ਗਾਇਬ ਸਨ। ਉਸ ਲਈ ਅੱਜ ਇਹ ਰਿਸ਼ਤਾ ਬਿਲਕੁਲ ਟੁੱਟ ਗਿਆ ਸੀ।

ਕਰ-ਕਰਾ ਕੇ ਉਸ ਦੇ ਪਿਓ ਨੇ ਹਾਈ ਕੋਰਟ ਵਿਚ ਰਿੱਟ ਕਰਕੇ..... ਵੱਡੇ ਅਫਸਰਾਂ ਦੇ ਬੱਬਰ ਭਰ ਕੇ ਇਹਨੂੰ ੩ ਸਾਲਾਂ ਪਿਛੋਂ ਛੁਡਾ ਲਿਆ।

......ਤੇ ਹੁਣ ਵੀ ਜਦੋਂ ਉਹ ਕਦੇ ਆਪਣੇ ਹੱਥਾਂ ਦੀਆਂ ਉਂਗਲੀਆਂ ਵੱਲ ਵੇਖਦਾ ਤਾਂ ਉਸ ਨੂੰ ਉਹ ਕਹਾਵਤ ਚੇਤੇ ਆ ਜਾਂਦੀ, ਹਿੰਦੂਆਂ ਤੇ ਸਿੱਖਾਂ ਦਾ ਤਾਂ 'ਨੌਂਹ ਮਾਸ ਦਾ ਰਿਸ਼ਤਾ ਹੈ।' ਉਹ ਆਪ ਮੁਹਾਰੇ ਬੋਲ ਜਾਂਦਾ,

"ਅਗਲਿਆਂ ਨੇ ਮਾਸ ਨਾਲੋਂ ਨੌਂਹ ਹੀ ਤੋੜ ਕੇ ਸੁੱਟ ਦਿੱਤੇ...... ਭੈਣ ਦੀ...... ਮਰਾਵੇ, ਰਿਸ਼ਤਾ।"

ਇਕ ਦਿਨ ਸ਼ਹਿਰ ਆਲੀ ਮੰਡੀ 'ਚ ਜਲਸਾ ਸੀ। ਉਹੀ ਲੀਡਰ, ਜੀਹਨੇ ਸਿੱਖ ਫੌਜੀਆਂ ਨੂੰ ਬੈਰਕਾਂ ਛੱਡ ਕੇ ਬਗਾਵਤ ਕਰ ਦੇਣ ਲਈ ਕਿਹਾ ਸੀ, ਬੋਲ ਰਿਹਾ ਸੀ, "ਸਿੱਖ ਭਾਰਤ ਦੇ ਰਾਖੇ ਹਨ। ਭਾਰਤ ਵੱਲ ਉੱਠਣ ਵਾਲੀ ਹਰੇਕ ਉਂਗਲ ਵੱਢ ਦਿੱਤੀ ਜਾਵੇਗੀ, ਹਰੇਕ ਅੱਖ ਕੱਢ ਦਿੱਤੀ ਜਾਵੇਗੀ, ਹਿੰਦੂ-ਸਿੱਖ ਭਰਾ-ਭਰਾ ਹਨ। ਆਖਰ ਹਿੰਦੂਆਂ ਤੇ ਸਿੱਖਾਂ ਦਾ 'ਨੌਂਹ ਮਾਸ ਦਾ ਰਿਸ਼ਤਾ ਹੈ' ...."

"ਭੈਣ ਦੇ..... ਡਰਾਮੇਬਾਜ਼, ਸਾਲੇ" ਕਰਮਜੀਤ ਦੇ ਮੂੰਹੋਂ ਨਿਕਲ ਗਿਆ। ਉਸ ਨੇ ਆਪਣੇ ਹੱਥਾਂ ਦੀਆਂ ਉਂਗਲਾਂ ਵੱਲ ਵੇਖਿਆ ਤੇ ਚੁੱਪ-ਚਾਪ ਘਰੇ ਮੁੜ ਆਇਆ।

"ਉਜਾੜਾ"

ਘਰ ਦੀ ਹਾਲਤ ਸ਼ੁਰੂ ਤੋਂ ਐਸੀ ਨਹੀਂ ਸੀ। ਪਹਿਲਾਂ ਤਾਂ ਸਭ ਕੁਝ ਬਹੁਤ ਵਧੀਆ ਸੀ। ਉਹ ਵੀ ਦਿਨ ਸਨ, ਜਦੋਂ ਉਸ ਦੇ ਪਿਓ ਨੂੰ ਲੋਕ 'ਸਰਦਾਰ ਬੰਤ ਸਿੰਘ' ਆਖ ਕੇ ਬੁਲਾਉਂਦੇ ਸਨ। ਪਿੰਡ ਦੇ ਰੱਜਦੇ-ਪੁੱਜਦੇ ਘਰਾਂ ਵਿਚ ਇਹਨਾਂ ਦਾ ਨਾਮ ਬੋਲਦਾ ਸੀ। ਜ਼ਮੀਨ ਵੀ ਕਾਫੀ ਸੀ, ਪ● ਕਿੱਲਿਆਂ ਤੋਂ ਉੱਤੇ। ਪਿੰਡ ਵਿਚ ਸਰਦਾਰ ਬੰਤ ਸਿਹੁੰ ਦਾ ਸਤਿਕਾਰ ਵੀ ਬਹੁਤ ਸੀ। ਉਹ ਹਰੇਕ ਗਰੀਬ-ਗੁਰਬੇ ਤੇ ਲੋੜਵੰਦ ਦੀ ਮਦਦ ਜੋ ਕਰਦਾ ਸੀ। ਸਭ ਕੁਝ ਠੀਕ ਚੱਲ ਰਿਹਾ ਸੀ। ਨਿਹਾਲ ਸਿੰਘ ਸਰਦਾਰ ਬੰਤ ਸਿਹੁੰ ਦਾ 'ਕੱਲਾ ਮੁੰਡਾ ਸੀ। ਕੋਈ ਫਿਕਰ ਫਾਕਾ ਨਹੀਂ ਸੀ।

ਨਿਹਾਲ ਸਿੰਘ ਦੇ ਵਿਆਹ ਤੋਂ ਕੁਝ ਚਿਰ ਪਿੱਛੋਂ ਸਰਦਾਰ ਬੰਤ ਸਿਹੁੰ ਕਿਸੇ ਘਾਤਕ ਬਿਮਾਰੀ ਦਾ ਸ਼ਿਕਾਰ ਹੋ ਗਿਆ ਤੇ ਇਹ ਬਿਮਾਰੀ ਉਸ ਨੂੰ ਨਾਲ ਲੈ ਕੇ ਹੀ ਗਈ। ਨਿਹਾਲ ਸਿੰਘ ਨੇ ਆਪਣੇ ਬਾਪੂ ਨੂੰ ਬਚਾਉਣ ਲਈ ਬਥੇਰਾ ਜੋਰ ਲਾਇਆ। ਪੈਸਾ ਵੀ ਬੇਥਾਹ ਖਰਚ ਕੀਤਾ, ਪਰ ਸਭ ਵਿਅਰਥ।

ਖੈਰ... ਨਿਹਾਲ ਸਿੰਘ ਦੀ ਉਮਰ ਓਦੋਂ ਇੱਕੀ ਕੁ ਸਾਲ ਦੀ ਸੀ, ਜਦੋਂ ਉਸ ਦਾ ਬਾਪੂ ਚੜ੍ਹਾਈ ਕਰ ਗਿਆ। ਕੁਝ ਸਾਲਾਂ ਪਿੱਛੋਂ ਘਰ ਵਿਚ ਦੋ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ। ਗੁਰਜੀਤ ਤੇ ਹਰਜੀਤ ਮੁੰਡੇ ਤੇ ਮਨਜੀਤ ਕੁੜੀ ਦਾ ਨਾਮ ਰੱਖਿਆ। ਤਿੰਨੇ ਜਵਾਕ ਹੀ ਆਪਣੇ ਪਿਓ ਵਾਂਗ ਸਾਊ ਸਨ। ਇਕੱਠੇ ਸਕੂਲ ਜਾਂਦੇ ਤੇ ਇਕੱਠੇ ਵਾਪਸ ਆਉਂਦੇ। ਨਾ ਕਿਸੇ ਨਾਲ ਵੱਧ-ਘੱਟ ਬੋਲਦੇ ਤੇ ਨਾ ਕੋਈ ਮਾੜੀ ਸ਼ਰਾਰਤ ਕਰਦੇ।

ਸਮਾਂ ਆਪਣੀ ਚਾਲ ਚੱਲਦਾ ਗਿਆ। ਬੱਚੇ ਹੁਣ ਜਵਾਨ ਹੋ ਗਏ ਸਨ। ਇਹਨੀਂ ਦਿਨੀਂ ਪੰਜਾਬ ਦੇ ਹਾਲਾਤ ਠੀਕ ਨਹੀਂ ਚੱਲ ਰਹੇ ਸਨ। ਸਾਕਾ ਨੀਲਾ ਤਾਰਾ ਤੋਂ ਬਾਅਦ ਤਾਂ ਜਿਵੇਂ ਭੁਚਾਲ ਹੀ ਆ ਗਿਆ ਸੀ। ਹਰ ਰੋਜ਼ ਬੇਅੰਤ ਮਨੁੱਖੀ ਲਹੂ ਧਰਤੀ 'ਤੇ ਡੁੱਲ ਰਿਹਾ ਸੀ। ਰੋਜ਼ ਜ਼ਾਲਮਾਂ ਵੱਲੋਂ

ਖ਼ੂਨ ਦੀ ਹੋਲੀ ਖੇਡੀ ਜਾਂਦੀ ਸੀ। ਅਣਗਿਣਤ ਨੌਜੁਆਨ ਮਾਰੇ ਜਾ ਚੁੱਕੇ ਸਨ ਤੇ ਲਗਾਤਾਰ ਮਾਰੇ ਵੀ ਜਾ ਰਹੇ ਸਨ। ਹੌਲੀ-ਹੌਲੀ ਪੰਜਾਬ ਸੁੰਨਾ ਹੁੰਦਾ ਜਾ ਰਿਹਾ ਜਾਪਦਾ ਸੀ।

ਪੰਜਾਬ ਦੇ ਇਹਨਾਂ ਹਾਲਾਤਾਂ ਦਾ ਅਸਰ ਸਕੂਲਾਂ-ਕਾਲਜ਼ਾਂ ਦੇ ਵਿਦਿਆਰਥੀਆਂ 'ਤੇ ਵੀ ਪੈ ਰਿਹਾ ਸੀ। ਉਹਨਾਂ ਦੇ ਸਿਰਾਂ ਦੀਆਂ ਕੇਸਰੀ ਚੁੰਨੀਆਂ, ਪਟਕੇ ਤੇ ਦਸਤਾਰਾਂ ਇਸ ਸਭ ਦਾ ਸਬੂਤ ਸਨ। ਹੁਣ 'ਜਨ-ਗਨ-ਮਨ' ਦੀ ਥਾਂ 'ਤੇ "ਨਿਸਚੈ ਕਰ ਅਪਨੀ ਜੀਤ ਕਰੋਂ" ਗੂੰਜਦਾ ਸੀ।

ਅਕਸਰ ਕਾਲਜ਼ਾਂ ਵਿਚ ਪੰਜਾਬ ਦੇ ਇਹਨਾਂ ਹਾਲਾਤਾਂ ਬਾਰੇ ਗੱਲਬਾਤ ਚੱਲ ਪੈਂਦੀ ਸੀ ਜੋ ਕਈ ਵਾਰ ਬਹਿਸ ਦਾ ਰੂਪ ਧਾਰ ਜਾਂਦੀ ਸੀ। ......ਆਮ ਤੌਰ 'ਤੇ ਇਹ ਬਹਿਸ ਸਿਖ ਵਿਦਿਆਰਥੀਆਂ ਤੇ ਹਿੰਦੂ ਜਾਂ ਕਾਮਰੇਡ ਪ੍ਰੋਫੈਸਰਾਂ ਵਿਚਕਾਰ ਹੁੰਦੀ ਸੀ। ਜਿਆਦਾਤਰ ਹਿੰਦੂ ਵਿਦਿਆਰਥੀ ਤੇ ਪ੍ਰੋਫੈਸਰ ਤਾਂ 'ਕਿਸੇ ਡਰੋਂ' ਕੁਝ ਬਹੁਤਾ ਬੋਲਦੇ ਨਹੀਂ ਸਨ ਪਰ ਕੋਈ-ਕੋਈ......

ਅਜਿਹੀ ਹੀ ਇਕ ਬਹਿਸ ਗੁਰਜੀਤ ਦੀ ਕਲਾਸ ਵਿਚ ਵੀ ਹੋਈ। ਇਕ ਵੱਡੇ ਸਾਰੇ ਢਿੱਡ ਵਾਲਾ ਗੰਜਾ ਜਿਹਾ ਪ੍ਰੋਫੈਸਰ, ਜੀਹਦੇ ਪਿਛਲੇ ਪਾਸੇ ਲਮਕਦੇ ਚਾਰ ਕੁ ਵਾਲ ਬਾਹਮਣਾ ਦੀ ਬੋਦੀ ਦਾ ਭੁਲੇਖਾ ਦਿੰਦੇ ਸਨ, ਅੱਤਵਾਦ ਦੇ ਨਾਮ ਥੱਲੇ ਸਿਖਾਂ ਬਾਰੇ ਬਹੁਤ ਊਲ ਜਲੂਲ ਬੋਲਦਾ ਸੀ। ਇਸ ਵਾਰ ਤਾਂ ਉਸ ਨੇ ਸਭ ਹੱਦਾਂ ਹੀ ਤੋੜ ਦਿੱਤੀਆਂ।

"... ਅਸਲ ਵਿਚ ਸਿਖ ਤਾਂ ਜਮਾਂਦਰੂ ਹੀ ਜਾਂਗਲੀ ਕੌਮ ਹੈ। ਇਹਨਾਂ ਦੇ ਗੁਰੂ ਨੇ ਹੀ ਜਦੋਂ ਇਹਨਾਂ ਦੇ ਹੱਥ ਤਲਵਾਰ ਫੜਾਈ ਹੈ ਤਾਂ ਇਹਨਾਂ ਨੇ ਤਾਂ...... ਪਿਛਲੇ ਲਗਭਗ ੨੦੦ ਸਾਲਾਂ ਤੋਂ ਇਹਨਾਂ ਦਾ ਮੁੱਖ ਕਿੱਤਾ ਲੜਾਈ ਹੀ ਰਿਹਾ ਹੈ ਤੇ ਹੁਣ ਵੀ ਇਹ ਉਹੀ ਕੁਝ ਦੁਹਰਾ ਰਹੇ ਹਨ। ......ਨਿੱਤ ਦਿਹਾੜੀ ਬੇਦੋਸ਼ੇ ਲੋਕਾਂ ਨੂੰ ਮਾਰ ਰਹੇ ਹਨ।...ਕੀ ਜਾਨ ਨਿਕਲ ਗਈ ਜੇ ਚਾਰ ਗੋਲੀਆਂ ਗੁਰਦੁਆਰੇ ਦੇ ਵੱਜ ਗਈਆਂ... ਤੇ ਨਾਲੇ ਜੇ ਗੁਰਦੁਆਰਿਆਂ 'ਚ ਅੱਤਵਾਦੀ ਬੈਠਣਗੇ ਤਾਂ ਓਥੇ ਗੋਲੀਆਂ ਹੀ ਚੱਲਣਗੀਆਂ...... ਅਸਲ ਵਿਚ ਕਸੂਰ ਇਹਨਾਂ ਦਾ ਵੀ ਨਹੀਂ...... 'ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ' ......ਜਦੋਂ ਏਹਨਾਂ ਦੇ ਗੁਰੂ ਨੇ ਆਪ ੧੪ ਜੰਗਾਂ ਕੀਤੀਆਂ ਨੇ ਤਾਂ ਇਹ ਤਾਂ......"

"ਬਸ ਪ੍ਰੋਫੈਸਰ ਸਾਹਬ...... ਹੁਣ ਬੱਸ ਕਰੋ..." ਅਜੇ ਪ੍ਰੋਫੈਸਰ ਬੋਲ ਹੀ ਰਿਹਾ ਸੀ ਕਿ ਗੁਰਜੀਤ ਵਿਚੋਂ ਉੱਠ ਕੇ ਬੋਲ ਪਿਆ।

" ...ਤੁਸੀਂ ਅੰਗਰੇਜ਼ੀ ਦੇ ਪ੍ਰੋਫੈਸਰ ਹੋ ਤੇ ਅੰਗਰੇਜ਼ੀ ਪੜ੍ਹਾਓ"

" ...ਹੁਣ ਤੂੰ ਮੈਨੂੰ ਦੱਸੇਂਗਾ ਕਿ ਮੈਂ ਕੀ ਪੜ੍ਹਾਉਣੈ..."

"ਅੱਕ ਕੇ ਮੈਨੂੰ ਦੱਸਣਾ ਪਿਐ ਜੀ...... ਕਿਉਂਕਿ ਮੈਨੂੰ ਲੱਗਿਆ ਕਿ ਤੁਸੀਂ ਭੁੱਲ ਗਏ ਓ ਕਿ ਇਹ ਸਾਡਾ ਅੰਗਰੇਜ਼ੀ ਦਾ ਪੀਰੀਅਡ ਐ...... ਇਤਿਹਾਸ ਅਸੀਂ ਆਪਣੇ ਇਤਿਹਾਸ ਦੇ ਪੀਰੀਅਡ 'ਚ ਪੜ੍ਹਲਾਂਗੇ... ਤੇ ਜੇ ਹੋ ਸਕੇ ਤਾਂ ਤੁਸੀਂ ਵੀ ਆ ਜਾਇਓ ਕਿਉਂਕਿ ਮੈਨੂੰ ਲੱਗਦੈ ਕਿ ਜਾਂ ਤਾਂ ਤੁਸੀਂ ਇਤਿਹਾਸ ਪੜ੍ਹਿਆ ਹੀ ਨਹੀਂ ਤੇ ਜਾਂ ਤੁਸੀਂ ਇਤਿਹਾਸ ਭੁੱਲ ਗਏ ਓ... "

"ਕੁਝ ਜਿਆਦੇ ਹੀ ਔਖਾ ਹੋ ਗਿਐਂ ਲੱਗਦਾ... ਕਿਸੇ ਦੁਖਦੀ ਰਗ 'ਤੇ ਹੱਥ ਤਾਂ ਨੀ ਰੱਖਿਆ ਗਿਆ ਕਿਤੇ......"

"ਰਗਾਂ ਤੁਸੀਂ ਦੁਖਣ ਕਿੱਥੇ ਦਿੰਨੇ ਓਂ... ਰਗਾਂ ਤਾਂ ਤੁਸੀਂ ਘੁੱਟ ਦਿੰਦੇ ਓ... ਤੇ ਓਨਾ ਚਿਰ ਨੀ ਛੱਡਦੇ ਜਿੰਨਾ ਚਿਰ ਅਗਲਾ ਮਰ ਨਾ ਜਾਵੇ...... ਤੇ ਮਰਦਾ-ਮਰਦਾ ਵੀ ਅਗਲਾ ਜੇ ਮਾੜੀ ਮੋਟੀ ਆਵਾਜ਼ ਕੱਢ ਜਾਵੇ ਤਾਂ ਝੱਟ ਤੁਸੀਂ ਅੱਤਵਾਦ ਦਾ ਰੌਲਾ ਪਾ ਦਿੰਨੇ ਓਂ..."

"ਕੀ ਬਕਵਾਸ ਕਰ ਰਿਹੈਂ... ਤੈਨੂੰ ਪਤਾ ਵੀ ਐ ਤੂੰ ਕੀ ਬੋਲ ਰਿਹੈਂ..."

"ਤੇ ਜੇ ਇਹੀ ਗੱਲ ਮੋੜਵੀਂ ਮੈਂ ਤੁਹਾਨੂੰ ਕਹਾਂ... ਤੁਸੀਂ ਗੁਰੂ ਗੋਬਿੰਦ ਸਿੰਘ ਬਾਰੇ ਜੋ ਕੁਫਰ ਤੋਲ ਰਹੇ ਓਂ, ਉਸ ਬਦਲੇ..."

"...ਤੇ ਮੈਂ ਝੂਠ ਕੀ ਕਿਹੈ?"

"ਸੱਚ ਤਾਂ ਤੁਸੀਂ ਨੇੜ ਦੀ ਨਹੀਂ ਲੰਘਣ ਦਿੱਤਾ ਪ੍ਰੋਫੈਸਰ ਸਾਹਬ... ਸਭ ਝੂਠ ਈ ਬੋਲਿਐ"

"ਤੂੰ ਦੱਸ ਦੇ ਸੱਚ ਫਿਰ... ਕਿ 'ਕੱਲਾ ਜਾਂਗਲੀਪੁਣਾ ਈ ਆਉਂਦੈ..."

"ਪ੍ਰੋਫੈਸਰ ਸਾਹਬ, ਰੱਬ ਦਾ ਸ਼ੁਕਰ ਕਰੋ ਕਿ ਇਹ ਜਾਂਗਲੀ ਇਸ ਧਰਤੀ 'ਤੇ ਮੌਜੂਦ ਸਨ, ਨਹੀਂ ਤਾਂ ਥੋਡਾ ਬਾਪੂ ਲਾਲਾ ਕਿਸ਼ੋਰੀ ਰਾਮ ਨਹੀਂ ਕੋਈ ਇਜ਼ਾਜ਼ ਅਹਿਮਦ ਹੋਣਾ ਸੀ..." ਗੁਰਜੀਤ ਥੋੜਾ ਰੋਹ ਵਿਚ ਆ ਗਿਆ ਸੀ, ਉਸ ਦੀਆਂ ਲਾਲ ਅੱਖਾਂ ਵੇਖ ਕੇ ਪ੍ਰੋਫੈਸਰ ਦਾ ਉਸ ਨੂੰ ਰੋਕਣ

ਦਾ ਹੌਂਸਲਾ ਨਾ ਪਿਆ।

"... ਤੁਸੀਂ ਕਿਹੈ ਕਿ ਦਸਵੇਂ ਗੁਰੂ ਨੇ ੧੪ ਜੰਗਾਂ ਕੀਤੀਆਂ, ਸ਼ਾਇਦ ਤੁਹਾਨੂੰ ਪਤਾ ਨਹੀਂ ਕਿ ੧੪ ਦੀਆਂ ੧੪ ਜੰਗਾਂ ਵਿਚ ਗੁਰੂ ਸਾਹਿਬ ਕਿਸੇ 'ਤੇ ਚੜ੍ਹਾਈ ਕਰ ਕੇ ਨਹੀਂ ਗਏ, ਆਏ ਦੁਸ਼ਮਨ ਦਾ ਮੁਕਾਬਲਾ ਕੀਤੈ... ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਦੀਆਂ ਜੰਗਾਂ ਅਣਖ, ਸਵੈਮਾਨ ਤੇ ਮਨੁੱਖਤਾ ਦੀ ਆਜ਼ਾਦੀ ਲਈ ਸਨ ਨਾ ਕਿ ਕਿਸੇ ਤੀਵੀਂ ਬਦਲੇ। ਜ਼ਰ, ਜ਼ੋਰੂ ਤੇ ਜ਼ਮੀਨ ਲਈ ਗੁਰੂ ਮਹਾਰਾਜ ਨੇ ਕੋਈ ਜੰਗ ਨਹੀਂ ਲੜੀ, ਜਿਸ ਬਦਲੇ ਥੋਡੇ ਇਤਿਹਾਸਕ ਸੂਰਮੇਂ ਲੜਦੇ ਰਹੇ ਐ... ਮਹਾਂਭਾਰਤ ਦੀ ਜੰਗ ਵਿਚ ੧੮ ਖੂਹਣੀਆਂ ਲੋਕ ਮਾਰੇ ਗਏ ਸਨ ਤੇ ਉਹ ਜੰਗ ਕਿਸ ਕਾਰਨ ਲੜੀ ਗਈ ਸੀ, ਤੁਸੀਂ ਜਿਆਦਾ ਜਾਣਦੇ ਓ..." ਗੁਰਜੀਤ ਬੇਰੋਕ ਬੋਲਦਾ ਗਿਆ, ਜਿਵੇਂ ਉਸ ਵਿਚ ਕੋਈ ਅਲੌਕਿਕ ਤਾਕਤ ਆ ਗਈ ਹੋਵੇ।

"...ਤੇ ਦੂਜੀ ਗੱਲ ਕਿ ਜੇ ਗੁਰੂ ਨੇ ਸਾਡੇ ਹੱਥ ਕਿਰਪਾਨ ਨਾ ਫੜਾਈ ਹੁੰਦੀ ਤਾਂ ਅੱਜ ਏਥੇ ਮੁਗਲਾਂ ਦਾ ਰਾਜ ਹੋਣਾ ਸੀ... ਤੇ ਏਹ ਉਸੇ ਕਿਰਪਾਨ ਦੀ ਕਰਾਮਾਤ ਐ ਜੋ ਅੱਜ ਤੁਸੀਂ ਧੋਤੀਆਂ ਟੋਪੀਆਂ ਆਲੇ ਦੇਸ਼ ਦੇ ਮਾਲਕ ਬਣੇ ਬੈਠੇ ਓ... ਜੇ ਇਹ ਕਿਰਪਾਨਾਂ ਆਲੇ ਇੰਜਨਾਂ ਅੱਗੇ ਹਿੱਕਾਂ ਡਾਹ ਕੇ, ਜੰਡਾਂ ਨਾਲ ਸੜ ਕੇ, ਕਾਲੇ ਪਾਣੀ ਦੀਆਂ ਕੈਦਾਂ ਕੱਟ ਕੇ ਤੇ ਲਾਹੌਰ ਦੀਆਂ ਫਾਂਸੀਆਂ ਚੁੰਮ ਕੇ ਦੇਸ਼ ਆਜ਼ਾਦ ਨਾ ਕਰਵਾਉਂਦੇ ਤਾਂ ਕੋਈ ਸ਼ੱਕ ਨਹੀਂ ਕਿ ਤੁਸੀਂ ਅੱਜ ਕਿਸੇ ਅੰਗਰੇਜ਼ ਅਫਸਰ ਦੇ ਬੂਟ ਪਾਲਸ਼ ਕਰ ਰਹੇ ਹੋਣਾ ਸੀ..." ਸਾਰੀ ਕਲਾਸ ਨੇ ਗੁਰਜੀਤ ਦੀ ਇਹ ਗੱਲ ਸੁਣ ਕੇ ਤਾੜੀਆਂ ਮਾਰ ਦਿੱਤੀਆਂ।

ਪ੍ਰੋਫੈਸਰ ਪੂਰਾ ਖਿਝ ਚੁੱਕਾ ਸੀ, ਉਹ ਪੂਰੇ ਗੁੱਸੇ ਵਿਚ ਬੋਲਿਆ, "...ਤੇ ਆਹ ਜਿਹੜੇ ਅੱਤਵਾਦੀ ਨਿੱਤ ਦਿਹਾੜੀ ਬੇਦੋਸ਼ਿਆਂ ਦਾ ਖੂਨ ਡੋਲ੍ਹ ਰਹੇ ਐ... ਇਹ ਵੀ ਦੇਸ਼ ਭਗਤੀ ਹੋਣੀ ਐਂ..."

"ਪ੍ਰੋਫੈਸਰ ਸਾਹਬ ਇਸ ਦੇਸ਼ ਨੇ ਕਦੇ ਇਹਨਾਂ ਨੂੰ ਆਪਣੇ ਸਮਝਿਆ ਹੀ ਨਹੀਂ, ਤੇ ਇਹਨਾਂ ਨਾਲ ਪਿਛਲੇ ਪੈਂਤੀ ਚਾਲੀ ਸਾਲਾਂ ਤੋਂ ਹੋ ਰਹੀਆਂ ਵਧੀਕੀਆਂ ਦਾ ਪ੍ਰਤੀਕਰਮ ਈ ਐਂ ਇਹ ਸਭ ਕੁਝ। ਜਦੋਂ ਕਿਸੇ ਦਾ ਹੌਲੀ ਹੌਲੀ ਸਭ ਕੁਝ ਲੁੱਟਿਆ ਜਾ ਰਿਹਾ ਹੋਵੇ ਤਾਂ ਉਹ ਕਦ ਤੱਕ ਚੁੱਪ ਬੈਠੇਗਾ...

ਮੰਨਿਆਂ ਕਿ ਦਰਬਾਰ ਸਾਹਬ 'ਚ ਤਾਂ ਤੁਹਾਡੀ ਭਾਸ਼ਾਂ 'ਚ ਅੱਤਵਾਦੀ ਬੈਠੇ ਸਨ, ਪਰ ਬਾਕੀ ੩੭ ਗੁਰਦੁਆਰਿਆਂ 'ਚ ਕੌਣ ਸੀ... ਨਾਲੇ ਖਾੜਕੂਆਂ ਦੁਆਰਾ ਡੋਲ੍ਹਿਆ ਤੁਪਕਾ ਖ਼ੂਨ ਤਾਂ ਤੁਹਾਨੂੰ ਬਿੰਦ 'ਚ ਦਿਸ ਪੈਂਦੈ ਤੇ ਪੁਲਸ ਤੇ ਫੌਜ ਵੱਲੋਂ ਪੰਜਾਬ ਦੇ ਪਿੰਡਾਂ ਵਿਚ ਵਹਾਇਆ ਜਾਂਦਾ ਡਰੰਮਾਂ ਦੇ ਡਰੰਮ ਲਹੂ ਪਤਾ ਨਹੀਂ ਕਿਉਂ ਤੁਹਾਡੇ ਨਜ਼ਰੀਂ ਨਹੀਂ ਪੈਂਦਾ। ਨਿੱਤ ਦਿਹਾੜੀ ਭੈਣਾ ਦੀ ਲੁੱਟੀ ਜਾ ਰਹੀ ਪੱਤ, ਬਜ਼ੁਰਗਾਂ ਦੀ ਰੋਲੀ ਜਾਂਦੀ ਪੱਗ ਪਤਾ ਨਹੀਂ ਤੁਹਾਨੂੰ ਕਿਉਂ ਨਹੀਂ ਦਿਸਦੀ... ਅੱਤਵਾਦੀ ਕੋਈ ਖੇਤਾਂ ਵਿਚ ਨਈ ਉੱਗਦੇ ਪ੍ਰੋਫੈਸਰ ਸਾਹਬ... ਸਰਕਾਰਾਂ ਦੁਆਰਾ ਕੀਤਾ ਜਾਂਦਾ ਅੰਨ੍ਹਾਂ ਤਸ਼ੱਦਦ ਹੀ ਲੋਕਾਂ ਨੂੰ ਹਥਿਆਰ ਚੁੱਕਣ ਲਈ ਮਜਬੂਰ ਕਰਦੈ..." ਗੁਰਜੀਤ ਅਜੇ ਬੋਲ ਰਿਹਾ ਸੀ ਕਿ ਪ੍ਰੋਫੈਸਰ ਗੁੱਸੇ ਨਾਲ ਕਲਾਸ ਵਿਚੋਂ ਚਲਾ ਗਿਆ।

ਉਸ ਦੇ ਜਾਣ ਪਿੱਛੋਂ ਕੁਝ ਮੁੰਡਿਆਂ ਨੇ ਗੁਰਜੀਤ ਨੂੰ ਹੱਲਾਸ਼ੇਰੀ ਦਿੱਤੀ।

"ਵਾਹ ਬਈ ਗੁਰਜੀਤ, ਅੱਜ ਤਾਂ ਕਮਾਲ ਕਰਤੀ ਯਰ" ਇੱਕ ਮੁੰਡੇ ਨੇ ਕਿਹਾ।

"ਓਏ ਆਹੋ, ਸੌ ਦਿਨ ਚੋਰ ਦਾ ਤੇ ਇੱਕ ਦਿਨ ਸਾਧ ਦਾ... ਇਹ ਵੀ ਮੇਰਾ ਸਾਲਾ ਬੋਦੀ ਆਲਾ ਬਾਲ੍ਹਾ ਲਾਚੜਿਆ ਫਿਰਦਾ ਸੀ" ਇੱਕ ਹੋਰ ਮੁੰਡਾ ਕੋਲੋਂ ਬੋਲਿਆ।

"ਯਰ ਗੁਰਜੀਤ ਅਸੀਂ ਤਾਂ ਤੈਨੂੰ ਬੜਾ ਚੁੱਪ ਕੀਤਾ ਸਮਝਦੇ ਸੀ, ਪਰ ਤੂੰ ਤਾਂ ਇੱਕੋ ਲੁਹਾਰ ਆਲੀ ਮਾਰ ਕੇ ਸੁਨਿਆਰ ਨੂੰ ਚਾਰੇ ਖਾਨੇ ਚਿੱਤ ਕਰਤਾ..." ਸਾਰੇ ਮੁੰਡੇ ਲਗਾਤਾਰ ਬੋਲ ਰਹੇ ਸਨ।

"ਬਸ ਯਰ, ਹਰ ਬੰਦੇ ਦੀ ਬਰਦਾਸ਼ਤ ਦੀ ਇੱਕ ਹੱਦ ਹੁੰਦੀ ਹੈ ਤੇ ਅੱਜ ਗੱਲ ਮੇਰੇ ਬਰਦਾਸ਼ਤ ਤੋਂ ਬਾਹਰ ਹੋ ਗਈ" ਗੁਰਜੀਤ ਨੇ ਸਾਰਿਆਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ।

ਸਾਰੇ ਜਣੇ ਹੌਲੀ-ਹੌਲੀ ਤੁਰ ਗਏ। ਹਰਜੀਤ ਨੂੰ ਵੀ ਕਿਸੇ ਨੇ ਗੁਰਜੀਤ ਦੀ ਪ੍ਰੋਫੈਸਰ ਨਾਲ ਹੋਈ ਇਸ ਬਹਿਸ ਬਾਰੇ ਦੱਸ ਦਿੱਤਾ। ਘਰ ਨੂੰ ਜਾਂਦੇ ਹੋਏ ਰਸਤੇ ਵਿਚ ਹਰਜੀਤ ਨੇ ਗੁਰਜੀਤ ਨੂੰ ਕਿਹਾ, "ਤੂੰ ਕੀ ਲੈਣਾ ਸੀ ਗੁਰੀ ਜਿਦ ਕੇ ਯਰ ਐਵੇਂ...... ਉਈਂ ਖਹਿਬੜ ਪਿਆ, ਕਿੰਨੇ ਮਾੜੇ ਹਾਲਾਤ ਚੱਲਦੇ ਐ ਜੇ ਗੱਲ ਐਵੇਂ ਗਾਹਾਂ ਜਾ ਵੜੀ ਤਾਂ ਕੋਈ ਹੋਰ ਸਿਆਪਾ ਪਊ..."

"ਪਰ ਮੈਂ ਅੱਗੇ ਨੀ ਕਦੇ ਬੋਲ ਪਿਆ... ਪਰ ਅੱਜ ਮੇਰੇ ਸਬਰ ਦੀ ਹੱਦ ਹੋ ਗਈ ਤੇ ਆਪੇ ਹੀ ਸਾਰਾ ਕੁਝ ਮੂੰਹੋਂ ਨਿਕਲ ਗਿਆ। ਨਾਲੇ ਕੁਛ ਨੀ ਹੁੰਦਾ ਤੂੰ ਐਵੇਂ ਨਾ ਡਰ... ਆਪਾਂ ਕਿਹੜਾ ਕੋਈ ਗੋਲੀ ਚਲਾਈ ਐ..." ਗੁਰਜੀਤ ਨੇ ਹਰਜੀਤ ਨੂੰ ਹੌਂਸਲਾ ਦਿੰਦਿਆਂ ਕਿਹਾ।

"ਜਦੋਂ ਅਗਲੇ ਮਾਰਨ 'ਤੇ ਆ ਜਾਂਦੇ ਐ ਨਾ ਤਾਂ ਇਹ ਨੀ ਵੇਂਹਦੇ ਬੀ ਗੋਲੀ ਚਲਾਈ ਐ ਕਿ ਨਹੀਂ... ਨਾਲੇ ਤੈਥੋਂ ਕਿਹੜਾ ਭੁੱਲਿਐ ਕੁਛ... ਕਿੰਨੇ ਨਹੱਕੇ ਲੋਕਾਂ ਨੂੰ ਮਾਰੀ ਜਾਂਦੀ ਐ ਪੁਲਸ ਹਰ ਰੋਜ਼..." ਹਰਜੀਤ ਦੀ ਇਹ ਗੱਲ ਪੂਰੀ ਸੱਚ ਸੀ ਤੇ ਇਸ ਦਾ ਗੁਰਜੀਤ ਕੋਲ ਕੋਈ ਜਵਾਬ ਨਹੀਂ ਸੀ।

ਗੁਰਜੀਤ ਵਿਚ ਹੌਲੀ-ਹੌਲੀ ਕੁਝ ਬਦਲਾਅ ਆ ਰਿਹਾ ਸੀ। ਤੇ ਇੱਕ ਦਿਨ ਉਹ ਬਿਨਾ ਕਿਸੇ ਨੂੰ ਦੱਸੇ ਮੁਕਤਸਰੋਂ 'ਅੰਮ੍ਰਿਤ' ਛਕ ਆਇਆ। ਜਦੋਂ ਨਿਹਾਲ ਸਿਹੁੰ ਤੇ ਹਰਜੀਤ ਨੇ ਉਸ ਦੇ ਗਲ਼ ਪਾਈ ਕਿਰਪਾਨ ਦੇਖੀ ਤਾਂ ਉਹ ਹੈਰਾਨ ਰਹਿ ਗਏ। ਹਰਜੀਤ ਨੂੰ ਜਿਹੜਾ ਡਰ ਸੀ ਉਹੀ ਗੱਲ ਹੋ ਗਈ ਸੀ। ਨਿਹਾਲ ਸਿਹੁੰ ਨੇ ਵੀ 'ਬੁਰਾ ਸਮਾਂ' ਕਹਿੰਦੇ ਹੋਏ ਮੁੰਡੇ ਨੂੰ ਸਮਝਾਇਆ, "ਪੁੱਤ ਜੇ ਕਰਪਾਨ ਪਾਉਣੀ ਈ ਐਂ ਤਾਂ ਹੇਠ ਦੀ ਪਾ ਲੈ, ਜਰੂਰ ਸਾਰਿਆਂ ਦੇ ਨਜ਼ਰੀਂ ਚੜ੍ਹਣੈ... ਹਾਲਾਤ ਬਹੁਤ ਮਾੜੇ ਐ ਪੁੱਤ..."

ਜਦੋਂ ਅਜੇ ਨਿਹਾਲ ਸਿਹੁੰ ਬੋਲ ਹੀ ਰਿਹਾ ਸੀ ਤਾਂ ਬਾਹਰੋਂ ਸੰਧੂਆਂ ਦਾ ਟ੍ਰੈਕਟਰ ਲੰਘਿਆ, ਜਿਸ ਦੇ ਸਟੀਰੀਓ ਵਿਚ ਗੀਤ ਚੱਲ ਰਿਹਾ ਸੀ,

"ਇਹ ਕੀ ਤੂੰ ਪੁੱਤਰਾ ਕਰਿਆ,
ਨਾ ਤੂੰ ਸਮੇਂ ਭੈੜੇ ਤੋਂ ਡਰਿਆ।
ਪਾ ਕੇ ਉੱਤੋਂ ਦੀ ਕਿਰਪਾਨ,
ਸਿਰ 'ਤੇ ਬੰਨ੍ਹ ਲਈ ਪੱਗ ਸੁਨਿਹਰੀ।
ਬਚ ਬੁਰੇ ਹਾਲਾਤਾਂ ਤੋਂ,
ਪੱਤਾ ਪੱਤਾ ਸਿੰਘਾਂ ਦਾ ਵੈਰੀ।
ਬਚ ਬੁਰੇ ਹਾਲਾਤਾਂ......"

ਕੁਝ ਸਮਾਂ ਹੋਰ ਸੁਖ ਸ਼ਾਂਤੀ ਨਾਲ ਲੰਘ ਗਿਆ। ਏਧਰ ਪ੍ਰੋਫੈਸਰ ਦੇ ਮਨ ਵਿਚ ਗੁਰਜੀਤ ਪ੍ਰਤੀ ਜ਼ਹਿਰ ਦਿਨ-ਬ-ਦਿਨ ਵਧਦੀ ਜਾ ਰਹੀ ਸੀ।

ਇੱਕ ਦਿਨ ਉਸਨੇ ਇਹ ਸਾਰੀ ਪੀੜ ਆਪਣੇ ਇੱਕ ਥਾਣੇਦਾਰ ਯਾਰ ਸ਼ਿਵ ਕੁਮਾਰ ਨਾਲ ਸਾਂਝੀ ਕੀਤੀ। ਸ਼ਿਵ ਕੁਮਾਰ ਬਹੁਤ ਜ਼ਾਲਮ ਅਫਸਰ ਸੀ। ਕਈ ਬੇਦੋਸ਼ ਮੁੰਡਿਆਂ ਦੇ ਲਹੂ ਨਾਲ ਉਸ ਦੇ ਹੱਥ ਰੰਗੇ ਹੋਏ ਸਨ। ਪ੍ਰੋਫੈਸਰ ਤੋਂ ਸਾਰੀ ਵਾਰਤਾ ਸੁਣ ਕੇ ਉਹ ਰਾਖ਼ਸ਼ਾਂ ਵਾਲਾ ਹਾਸਾ ਹੱਸਦੇ ਹੋਏ ਬੋਲਿਆ, "ਹਾ ਹਾ ਹਾ... ਲੈ ਇਹ ਕਿਹੜਾ ਕੰਮਾਂ 'ਚੋਂ ਕੰਮ ਐਂ... ਗੱਲ ਕਰ ਸਵੇਰੇ ਹੀ ਪਾਰ ਬੁਲਾ ਦੀਏ..."

"ਨਹੀਂ, ਨਹੀਂ ਥਾਣੇਦਾਰਾ, ਏਨੀ ਕਾਹਲ ਨੀ ਕਰਨੀ... ਸਾਰਿਆਂ ਨੂੰ ਮੇਰੇ 'ਤੇ ਸ਼ੱਕ ਹੋ ਜਊ, ਬਸ ਕੁਝ ਸਮਾਂ ਲੰਘ ਜਾਣ ਦੇ, ਪਰ ਕੰਮ ਆਪਾਂ ਕਰਨਾ ਜ਼ਰੂਰ ਐ..."

"ਤੂੰ ਜਦੋਂ ਕਹੇਂਗਾ ਆਪਾਂ ਚੱਕ ਦਿਆਂਗੇ, ਭੋਰਾ ਹਵਾ ਨਈਂ ਨਿਕਲਣ ਦਿੰਦੇ, ਤੂੰ ਫਿਕਰ ਨਾ ਕਰੀਂ"

ਕਾਲਜ ਵਾਲੀ ਘਟਨਾਂ ਨੂੰ ਸੱਤ-ਅੱਠ ਮਹੀਨੇਂ ਬੀਤ ਗਏ ਸਨ। ਗੁਰਜੀਤ ਹੋਰਾਂ ਦੀ ਟੋਲਿ ਨੇ ਉਸ ਤੋਂ ਮਗਰੋਂ ਕਦੇ ਵੀ ਅੰਗਰੇਜ਼ੀ ਦਾ ਪੀਰੀਅਡ ਨਹੀਂ ਲਾਇਆ ਸੀ। ਇਹਨਾਂ ਚਾਰਾਂ-ਪੰਜਾਂ ਨੂੰ ਛੱਡ ਕੇ ਬਾਕੀ ਸਭ ਇਸ ਘਟਨਾਂ ਨੂੰ ਭੁੱਲ ਚੁੱਕੇ ਸਨ। ਪ੍ਰੋਫੈਸਰ ਨੇ ਇਹ ਮੌਕਾ ਠੀਕ ਜਾਣਿਆਂ ਤੇ ਥਾਣੇਦਾਰ ਨੂੰ 'ਕੰਮ' ਯਾਦ ਕਰਵਾ ਦਿੱਤਾ।

ਬਸ ਏਥੋਂ ਨਿਹਾਲ ਸਿਹੁੰ ਦੀਆਂ ਮੁਸੀਬਤਾਂ ਦਾ ਦੌਰ ਸ਼ੁਰੂ ਹੋ ਗਿਆ। ਇੱਕ ਦਿਨ ਗੁਰਜੀਤ ਖੇਤ ਪੱਠੇ ਵੱਢ ਰਿਹਾ ਸੀ ਕਿ ਇੱਕ ਚਿੱਟੀ ਜਿਪਸੀ ਪਹੀ 'ਤੇ ਆ ਕੇ ਰੁਕੀ। ਉਸ ਵਿਚੋਂ ਦੋ ਸਿਪਾਹੀ ਬਾਹਰ ਨਿਕਲ ਕੇ ਗੁਰਜੀਤ ਵੱਲ ਨੂੰ ਤੁਰ ਪਏ। ਕੋਲ ਆ ਕੇ ਉਹਨਾਂ ਵਿਚੋਂ ਇੱਕ ਬੋਲਿਆ, "ਓ ਤੇਰਾ ਨਾਂ ਈ ਗੁਰਜੀਤ ਐਂ"

"ਹਾਂ, ਜੀ" ਗੁਰਜੀਤ ਨੇ ਸੰਖੇਪ ਉੱਤਰ ਦਿੱਤਾ।

ਅਸਲ ਵਿਚ ਜਿਹੜੇ ਮੁੰਡੇ ਇਸ ਲਹਿਰ ਵਿਚ ਕੁੱਦੇ ਹੋਏ ਸਨ ਉਹਨਾਂ ਨੇ ਤਾਂ ਪੁਲਸ ਦਾ ਖੌਫ਼ ਜਵਾਂ ਚੱਕਿਆ ਹੋਇਆ ਸੀ ਤੇ ਨਾ ਹੀ ਵਾਹ ਲੱਗਦੀਂ ਪੁਲਸ ਉਹਨਾਂ ਦੇ ਨੇੜੇ ਲੱਗਦੀ ਸੀ। ਪਰ ਨਹੱਕੇ ਤੇ ਨਿਰਦੋਸ਼ ਮੁੰਡੇ ਇਹਨੀਂ ਦਿਨੀਂ ਪੁਲਸ ਨੂੰ ਵੇਖ ਕੇ ਘਬਰਾ ਜਾਂਦੇ ਸਨ। ਉਹੀ ਘਬਰਾਹਟ ਗੁਰਜੀਤ ਦੇ ਮੂੰਹ ਉੱਤੇ ਵੀ ਸੀ।

"ਤਾਂ ਆ ਜਾ ਉਰੇ, ਸਾਹਬ ਹੋਰੀਂ ਸੱਦਦੇ ਆ" ਸਿਪਾਹੀ ਬੋਲਿਆ।

ਗੁਰਜੀਤ ਦਾਤੀ ਸੁੱਟ ਕੇ ਸਿਪਾਹੀਆਂ ਦੇ ਨਾਲ ਜਿਪਸੀ ਵੱਲ ਨੂੰ ਤੁਰ ਪਿਆ। ਜਦੋਂ ਉਹ ਜਿਪਸੀ ਦੇ ਨੇੜੇ ਪਹੁੰਚਿਆ ਤਾਂ ਦੋਹਾਂ ਸਿਪਾਹੀਆਂ ਨੇ ਧੱਕ ਕੇ ਉਸ ਨੂੰ ਵਿਚ ਸੁੱਟ ਲਿਆ ਤੇ ਜਿਪਸੀ ਪਹੀ 'ਤੇ ਧੂੜਾਂ ਪੱਟਦੀ ਦੌੜ ਪਈ। ਗੁਰਜੀਤ ਹੁਰਾਂ ਦਾ ਪਾਲਤੂ ਕੁੱਤਾ ਕੁਝ ਚਿਰ ਜਿਪਸੀ ਦੇ ਮਗਰ ਭੱਜਿਆ ਪਰ ਫੇਰ ਧੂੜ ਵਿਚ ਕਿਤੇ ਗਵਾਚ ਗਿਆ। ਜਾਨਵਰ ਤਾਂ ਆਪਣੀ ਵਫ਼ਾ ਨਿਭਾਹ ਰਹੇ ਸਨ ਪਰ ਇਹਨੀਂ ਦਿਨੀਂ ਮਨੁੱਖ ਹਲਕ ਗਏ ਸਨ।

ਏਧਰ ਜਦੋਂ ਆਥਣ ਤਾਈਂ ਗੁਰਜੀਤ ਪੱਠੇ ਲੈ ਕੇ ਨਈ ਆਇਆ ਤਾਂ ਨਿਹਾਲ ਸਿਹੁੰ ਨੇ ਹਰਜੀਤ ਨੂੰ ਕਿਹਾ, "ਉਏ ਹਰਜੀਤ, ਗੁਰੀ ਨ੍ਹੀ ਆਇਆ ਅਜੇ ਤਾਈਂ, ਡੰਗਰ ਭੁੱਖੇ ਸੰਗਲ ਤੜਾਈ ਜਾਂਦੇ ਐ, ਜਾਹ ਜਾ ਕੇ ਵੇਖ ਕੇ ਆ"

"ਆ ਜਾਂਦੈ ਬਾਪੂ, ਓਹਦੀ ਗਿਆਨੀ ਦੀ ਸਮਾਧੀ ਲੱਗਗੀ ਹੋਣੀ ਐਂ, ਤੂੰ ਐਂ ਕਰ ਓਨਾ ਚਿਰ ਤੂੜੀ 'ਚ ਵੰਡ ਰਲਾ ਕੇ ਪਾਦੇ, ਮੈਂ ਵੇਖ ਕੇ ਆਉਣੈਂ, ਕੋਨੀ..."

ਹਰਜੀਤ ਖੇਤੋਂ ਕਾਹਲੀ ਨਾਲ ਮੁੜਿਆ। ਉਸ ਦਾ ਰੰਗ ਉੱਡਿਆ ਹੋਇਆ ਸੀ। ਬਾਰ ਵਿਚ ਵੜਦੇ ਸਾਰ ਹੀ ਉਸ ਨੇ ਆਪਣੇ ਬਾਪੂ ਨੂੰ 'ਵਾਜ ਮਾਰੀ, "ਬਾਪੂ...ਊ... ਓ ਬਾਪੂ... ਊ... ਆਜਾ... ਉਹੀ ਭਾਣਾ ਵਰਤ ਗਿਆ ਜੀਹਦਾ ਡਰ ਸੀ।

ਨਿਹਾਲ ਸਿਹੁੰ ਭੱਜਿਆ-ਭੱਜਿਆ ਬਾਹਰ ਆਇਆ, ਨਾਲ ਹੀ ਉਸ ਦੀ ਪਤਨੀ ਤੇ ਧੀ ਵੀ ਆ ਗਈਆਂ, "ਓ ਕੀ ਹੋ ਗਿਆ... ਕਿਹੜਾ ਭਾਣਾ ਵਰਤ ਗਿਆ... ਤੂੰ ਏਨਾ ਘਾਬਰਿਆ ਕਿਉਂ ਐਂ..." ਨਿਹਾਲ ਸਿਹੁੰ ਨੂੰ ਅਜੇ ਆਉਣ ਵਾਲੇ ਖਤਰੇ ਦਾ ਅਹਿਸਾਸ ਨਹੀਂ ਸੀ।

"ਬਾਪੂ ਮੈਨੂੰ ਖੇਤ ਆਲੇ ਸੁਬੇ ਹੋਰਾਂ ਨੇ ਦੱਸਿਐ ਬੀ ਗੁਰੀ ਨੂੰ ਪੁਲਸ ਗੱਡੀ 'ਚ ਸੁੱਟ ਕੇ ਲੈਗੀ ਐ..."

ਹਰਜੀਤ ਹੋਰਾਂ ਦੀ ਮਾਂ ਚੀਕ ਮਾਰ ਕੇ ਥਾਏਂ ਡਿੱਗ ਪਈ ਤੇ ਕੁੜੀ ਮਨਜੀਤ ਵੀ ਰੋਣ ਲੱਗ ਪਈ। ਨਿਹਾਲ ਸਿਹੁੰ ਤਾਂ ਡੁੰਨ ਹੀ ਬਣ ਗਿਆ।

"ਬਾਪੂ... ਬਾਪੂ ਤੂੰ ਬੋਲਦਾ ਕਾਹਤੇ ਨ੍ਹੀ ਕੁਛ... ਚੱਲ ਸਰਪੰਚ ਕੰਨੀ

ਚੱਲੀਏ..." ਹਰਜੀਤ ਦੇ ਝੰਜੋੜਣ 'ਤੇ ਨਿਹਾਲ ਸਿਹੁੰ ਨੂੰ ਕੁਝ ਸੁਰਤ ਆਈ।

"ਹੈਂ... ਹੈਂ... ਕੀ..."

"ਚੱਲ ਹੁਣ..."

ਅੱਗੋਂ ਸਰਪੰਚ ਉਹਨਾਂ ਦੀ ਕੋਈ ਮਦਦ ਕਰਨ ਵਿਚ ਅਸਮਰਥਾ ਜ਼ਾਹਰ ਕਰਦਾ ਹੈ। ਥਾਣੇਦਾਰ ਸ਼ਿਵ ਕੁਮਾਰ ਨੇ ਆਪਣੇ ਇਲਾਕੇ ਦੀਆਂ ਸਾਰੀਆਂ ਪੰਚਾਇਤਾਂ ਤੇ ਸਰਪੰਚਾਂ ਨੂੰ ਸਖਤ ਤਾੜਨਾ ਕੀਤੀ ਹੋਈ ਹੈ, "ਸਾਡੇ ਵੱਲੋਂ ਚੁੱਕੇ ਕਿਸੇ ਮੁੰਡੇ ਦੀ ਪੈਰਵਈ ਤੇ ਤੁਸੀਂ ਨੀ ਆਉਣਾ ਨਹੀਂ ਤਾਂ..."

"ਓ ਸਰਪੰਚਾ, ਏਨਾਂ ਤਾਂ ਪਤਾ ਕਰਦੇ ਬੀ ਕਿਹੜੇ ਥਾਣੇ ਆਲੇ ਸੀ..."

"ਏਨਾਂ ਮੈਂ ਜ਼ਰੂਰ ਪਤਾ ਕਰ ਦਿੰਨੈਂ... ਪਰ ਮੈਂ ਥੋਡੇ ਨਾਲ ਨੀ ਜਾ ਸਕਦਾ... ਮੈਨੂੰ ਮਾਫ ਕਰਿਓ"

ਸਰਪੰਚ ਉਹਨਾਂ ਨੂੰ ਪਤਾ ਕਰ ਦਿੰਦੈ ਕਿ ਮੰਡੀ ਆਲੇ ਥਾਣੇਦਾਰ ਸ਼ਿਵ ਕੁਮਾਰ ਨੇ ਹੀ ਗੁਰਜੀਤ ਨੂੰ ਚੁੱਕਿਐ। ਨਾਲ ਹੀ ਉਹ ਇਹ ਤਾਕੀਦ ਵੀ ਕਰ ਦਿੰਦੈ, "ਬਾਈ ਨਿਹਾਲ ਸਿਆਂ, ਖਿਆਲ ਰੱਖਿਓ ਬਹੁਤ ਜ਼ਾਲਮ ਅਫਸਰ ਐ..."।

ਏਧਰ ਤਿੰਨ-ਚਾਰ ਦਿਨਾਂ ਵਿਚ ਪੁਲਸ ਗੁਰਜੀਤ ਨੂੰ ਅੱਧਮੋਇਆ ਕਰ ਦਿੰਦੀ ਹੈ। ਐਵੇਂ ਹੀ ਉਸ 'ਤੇ ਪਨਾਂਹ ਦਾ ਦੋਸ਼ ਮੜ ਦਿੱਤਾ। ਪੁਲਸ ਵਾਲੇ ਬਾਰ-ਬਾਰ ਉਸ ਤੋਂ ਇਹੀ ਪੁੱਛਦੇ ਰਹੇ, "ਹਾਂ ਬੀ... ਜੰਟਾ ਬੁੱਧ ਸਿੰਘੀਆ ਕਦੋਂ ਆਇਆ ਸੀ... ਡੋਲਿਆਂਆਲੀ ਆਲੇ ਭਜਨ ਨੂੰ ਕਿੰਨੀ ਵਾਰੀ ਮਿਲਿਐਂ..."।

ਪਰ ਇਹਨਾਂ ਗੱਲਾਂ ਦਾ ਗੁਰਜੀਤ ਕੋਲ ਕੋਈ ਜਵਾਬ ਨਈਂ ਸੀ। ਉਸ ਦਾ ਕਿਸੇ ਖਾੜਕੂ ਨਾਲ ਕਦੇ ਮੇਲ ਨਹੀਂ ਹੋਇਆ ਸੀ ਤੇ ਨਾ ਹੀ ਉਸ ਦਾ ਲਹਿਰ ਨਾਲ ਕੋਈ ਵਾਹ-ਵਾਸਤਾ ਸੀ। ਉਸ ਨੂੰ ਕੁਝ ਪਤਾ ਨਹੀਂ ਲੱਗ ਰਿਹਾ ਸੀ ਕਿ ਪੁਲਸ ਉਸ ਨੂੰ ਕਿਸ ਕਸੂਰ ਕਰਕੇ ਚੱਕ ਲਿਆਈ ਸੀ। ਉਸ ਨੇ ਤਾਂ ਅਣਜਾਣੇ ਵਿਚ ਵੀ ਕੋਈ ਮਾੜਾ ਕੰਮ ਨਹੀਂ ਕੀਤਾ ਸੀ।

ਕੁਝ ਰਸੂਖ਼ ਵਾਲੇ ਬੰਦੇ ਵਿਚ ਪਵਾ ਕੇ ਨਿਹਾਲ ਸਿਹੁੰ ਹੋਰਾਂ ਨੇ ਥਾਣੇਦਾਰ ਤੱਕ ਪਹੁੰਚ ਕੀਤੀ। ਪਹਿਲਾਂ ਤਾਂ ਉਸ ਨੇ ਲੱਤ ਹੀ ਨਹੀਂ ਲਾਈ ਤੇ ਗੁਰੀ ਦੀ ਗ੍ਰਿਫਤਾਰੀ ਤੋਂ ਸਾਫ਼ ਮੁੱਕਰ ਗਿਆ। ਪਰ ਜਦ ਕੁਝ ਲੈਣ-ਦੇਣ ਦੀ

ਗੱਲ ਤੁਸੀਂ ਤਾਂ ਕੁਝ ਵੇਲਾ ਪੈ ਗਿਆ। ੧੨ ਲੱਖ ਤੋਂ ਸ਼ੁਰੂ ਹੋਈ 'ਕੁਝ' ਲੈਣ-ਦੇਣ ਦੀ ਗੱਲ ਕਰ ਕਰਾ ਕੇ ੧੦ ਲੱਖ 'ਤੇ ਮੁੱਕੀ। ਪਹਿਲਾਂ ਤਾਂ ਐਡੀ ਰਕਮ ਸੁਣ ਕੇ ਨਿਹਾਲ ਸਿਹੁੰ ਦੇ ਪੈਰਾਂ ਹੇਠੋ ਜ਼ਮੀਨ ਨਿਕਲ ਗਈ। ਉਹ ਨਾਲ ਦਿਆਂ ਨੂੰ ਬੋਲਿਆ, "ਬਾਈ ਜੀ ਐਡਾ ਵੀ ਕੀ ਵੱਡਾ ਜ਼ੁਲਮ ਕਰਤਾ ਮੁੰਡੇ ਨੇ... ਐਡੀ ਰਕਮ... ਇੰਤਜ਼ਾਮ... ਕੁਝ ਤਾਂ..."

"ਨਿਹਾਲ ਸਿਆਂ ਸਮਾਂ ਬਹੁਤ ਭੈੜਾ ਚੱਲ ਰਿਹੈਂ ਭਾਈ... ਏਹਨਾਂ ਦਾ ਕੀ ਐ... ਕਿਸੇ ਕਮਾਦ 'ਚ ਜਾਂ ਨਹਿਰ ਦੇ ਪੁਲ 'ਤੇ ਮੁੰਡੇ ਦੇ ਗੋਲੀ ਮਾਰ ਕੇ ਮੁਕਾਬਲਾ ਦਿਖਾ ਦੇਣਗੇ ਤੇ ਮੁੜਕੇ 'ਖਬਾਰ 'ਚ ਖ਼ਬਰ ਲਵਾ ਦੇਣਗੇ ਕਿ 'ਖ਼ਤਰਨਾਕ ਅੱਤਵਾਦੀ ਪੁਲਸ ਮੁਕਾਬਲੇ 'ਚ ਹਲਾਕ'... ਏਹਨਾਂ ਨੂੰ ਪੁੱਛਣੈ ਕਿਸੇ ਨੇ... ਸੋ ਏਹ ਅੱਕ ਤਾਂ ਆਪਾਂ ਨੂੰ ਚੱਬਣਾ ਈ ਪੈਣੈ"

"ਆਹੋ ਭਾਈ, 'ਰਾਜੇ ਸ਼ੀਂਹ ਮੁਕੱਦਮ ਕੁੱਤੇ'.... ਤੇ ਇਹ ਕੁੱਤੇ ਤਾਂ ਹਲਕੇ ਹੋਏ ਵੀ ਨੇ, ਕਿਸੇ ਨੂੰ ਵੀ ਵੱਢ ਲੈਂਦੇ ਨੇ ਤੇ ਏਹਨਾਂ ਦਾ ਵੱਢਿਆ ਮੁੜ ਰਾਸ ਨੀ ਆਉਂਦਾ... ਏਦੂੰ ਪਹਿਲਾਂ ਕਿ ਕੋਈ ਜਾਹ ਜਾਂਦੀ ਹੋ ਜਾਵੇ ਏਹਦਾ ਢਿੱਡ ਤਾਂ ਆਪਾਂ ਨੂੰ ਭਰਨਾ ਹੀ ਪੈਣੈ..."

ਨਾਲ ਦੇ ਬੰਦਿਆਂ ਦੀ ਗੱਲ ਸੁਣ ਕੇ ਨਿਹਾਲ ਸਿਹੁੰ ਨੇ ਇੱਛਾ ਜ਼ਾਹਰ ਕੀਤੀ ਕਿ ਚਲੋ ਇੱਕ ਵਾਰ ਮੁੰਡੇ ਨੂੰ ਮਿਲਾ ਦੇਣ, ਫੇਰ......

"ਜਾਹ ਮਿਲਾ ਦੇ ਮੁੰਡੇ ਨੂੰ" ਥਾਣੇਦਾਰ ਨੇ ਇੱਕ ਸਿਪਾਹੀ ਨੂੰ ਏਹਨਾਂ ਦਾ ਨਾਲ ਤਾਕੀਦ ਕਰ ਕੇ ਤੋਰਿਆ।

ਜਦ ਨਿਹਾਲ ਸਿਹੁੰ ਨੇ ਮੁੰਡੇ ਨੂੰ ਵੇਖਿਆ ਤਾਂ ਉਹ ਗੋਡਿਆਂ ਭਾਰ ਡਿੱਗ ਪਿਆ ਤੇ ਉਸ ਦੀ ਚੀਕ ਨਿਕਲ ਗਈ। ਮੁੰਡੇ ਦੇ ਸਾਰੇ ਸਰੀਰ 'ਚੋਂ ਲਹੂ ਜਿਵੇਂ ਸਿੰਮ ਰਿਹਾ ਸੀ, ਜਿੱਥੇ ਉਹ ਪਿਆ ਸੀ ਉੱਥੇ ਤਾਂ ਲਹੂ ਦਾ ਛੱਪੜ ਜਿਹਾ ਲੱਗਿਆ ਪਿਆ ਸੀ। ਅਸਲ ਵਿਚ ਜਿਆਦਾ ਸ਼ਰਾਬ ਪੀਤੀ ਵਿਚ ਰਾਤ ਥਾਣੇਦਾਰ ਨੇ ਆਪਣੇ ਸਿਪਾਹੀਆਂ ਤੋਂ ਮੁੰਡੇ ਦੇ ਪਿੱਛੋਂ ਦੀ ਸ਼ਰਾਬ ਦੀ ਸਾਰੀ ਬੋਤਲ ਧਕਵਾ ਦਿੱਤੀ, ਜਿਸ ਨਾਲ ਲਹੂ ਦੀ ਇਹ ਚਰਗਲ ਜਹੀ ਵੱਜ ਗਈ ਸੀ। ਹਰਜੀਤ ਨੇ ਗੁਰੀ ਨੂੰ ਕੁਝ ਆਵਾਜ਼ਾਂ ਮਾਰੀਆਂ ਪਰ ਉਹ ਜਵਾਬ ਨਹੀਂ ਦੇ ਸਕਿਆ, ਉੱਠ ਕੇ ਆਉਂਣਾ ਤਾਂ ਅਸੰਭਵ ਸੀ। ਹਰਜੀਤ ਨਿਹਾਲ ਸਿਹੁੰ ਨੂੰ ਉੱਥੋਂ ਉਠਾ ਕੇ ਵਾਪਸ ਆ ਗਿਆ। ਮੁੰਡੇ ਦੀ ਇਹ

ਭੈੜੀ ਹਾਲਤ ਵੇਖ ਕੇ ਤਾਂ ਨਿਹਾਲ ਸਿਹੁੰ ਨੂੰ ਪੂਰਾ ਯਕੀਨ ਹੋ ਗਿਆ ਕਿ ਜੇ ਜਲਦੀ ਹੀ ਇਹਨਾਂ ਭੁੱਖੇ ਬਘਿਆੜਾਂ ਦਾ ਮੂੰਹ ਬੰਦ ਨਾ ਕੀਤਾ ਤਾਂ ਇਹ ਗੁਰੀ ਨੂੰ ਵੀ ਖਾ ਜਾਣਗੇ। ਉਸ ਨੂੰ ਉਸੇ ਵੇਲੇ ਚਰ੍ਹੀ ਵਿਚ ਗੋਲੀਆਂ ਨਾਲ ਵਿੰਨ੍ਹੀ ਪਈ ਇੱਕ ਲਾਸ਼ ਦਿਖਾਈ ਦਿੱਤੀ ਤੇ ਉਹ ਪੈਸਿਆਂ ਦੇ ਇੰਤਜ਼ਾਮ ਬਾਰੇ ਸੋਚਣ ਲੱਗਾ। ਪਰ ਏਨੇ ਪੈਸੇ... ਇਕੱਠੇ... ਕਿੱਥੋਂ...। ਸੋ ਉਸ ਨੇ ਜ਼ਮੀਨ ਵੇਚਣ ਦਾ ਫੈਸਲਾ ਕਰ ਲਿਆ।

ਝੋਟੇ ਦੇ ਸਿਰ ਵਾਰਗੀ ਜ਼ਮੀਨ ਸ਼ਹਿਰ ਆਲਾ ਲਾਲਾ ਕੌਢੀਆਂ ਦੇ ਭਾਅ ਲੁੱਟ ਕੇ ਲੈ ਗਿਆ।

"ਲੈ ਲੈ ਲੈ... ਸ਼ਰਦਾਰ ਨਿਹਾਲ ਸਿਆਂ... ਤੈਨੂੰ ਤਾਂ ਪਤਾ ਈ ਐ... ਆਪਣੀ ਹਾਲਤ ਵੀ ਕੋਈ ਬਾਹਲੀ ਚੰਗੀ ਨ੍ਹੀ... ਹੀ ਹੀ ਹੀ... ਨਾਲੇ ਜ਼ਮੀਨ ਸ਼ਾਡੇ ਕੀ ਕੰਮ... ਅਸ਼ੀਂ ਕਿਹੜਾ ਹਲ ਵਾਹ ਲੈਣਾ... ਏਹ ਤਾਂ ਥੋਡਾ ਕੰਮ ਈ ਐਂ... ਸ਼ਾਡੇ ਵਾਸਤੇ ਤਾਂ ਜ਼ਮੀਨ ਚਿੱਟਾ ਹਾਥੀ ਐ... ਹੀ ਹੀ ਹੀ... ਸ਼ੋ ਵੇਖਲਾ, ਅਸ਼ੀਂ ਤਾਂ ਏਹੀ ਭਾਅ ਦੇ ਸ਼ਕਦੇ ਐਂ... ਜੇ ਵਾਰਾ ਖਾਂਦੇ ਤਾਂ ਕਰ ਗੱਲ..." ਸੇਠ ਕਰੋੜੀ ਮੱਲ ਨੂੰ ਪਤਾ ਸੀ ਕਿ ਜੱਟ ਦਾ ਵੇਚੇ ਬਿਨਾ ਸਰਨਾ ਨਹੀਂ ਸੀ। ਸੋ ਇਹੀ ਮੌਕਾ ਸੀ ਲੁੱਟਣ ਦਾ।

ਮਿੱਟੀ ਦਾ ਤੇ ਜ਼ਮੀਨ ਦਾ ਬਹੁਤ ਮੋਹ ਹੁੰਦੈ ਜੱਟ ਨੂੰ, ਪਰ ਹੁਣ...। ਗੁਰਜੀਤ ਦੀ ਮਾਂ ਵੀ ਬੋਲੀ, "ਜ਼ਮੀਨਾਂ ਤਾਂ ਗੁਰੀ ਦੇ ਬਾਪੂ ਏਥੇ ਹੀ ਰਹਿ ਜਾਣੀਐਂ ਧਰੀਆਂ-ਧਰਾਈਆਂ। ਅੱਜ ਤੱਕ ਤਾਂ ਕੋਈ ਹਿੱਕ 'ਤੇ ਰੱਖ ਕੇ ਲੈਗਿਆ ਨ੍ਹੀ..."

"ਆਹੋ ਜੇ ਜਿਉਂਦੇ ਰਹੇ ਤਾਂ ਜ਼ਮੀਨਾਂ ਤਾਂ ਫੇਰ ਵੀ ਬਣ ਜਾਣਗੀਆਂ... ਪਰ..." ਨਿਹਾਲ ਸਿਹੁੰ ਵੀ ਭਰੇ ਮਨ ਨਾਲ ਬੋਲਿਆ।

ਪੈਸੇ ਥਾਣੇਦਾਰ ਦੇ ਮੂੰਹ ਵਿਚ ਤੁੰਨ ਕੇ ਗੁਰੀ ਨੂੰ ਛੁਡਵਾ ਲਿਆ। ਸਾਰਾ ਪਿੰਡ ਮੁੰਡੇ ਦੀ ਹਾਲਤ ਵੇਖ ਕੇ ਤ੍ਰਾਹ ਤ੍ਰਾਹ ਕਰ ਉੱਠਿਆ।

"ਏਹਨਾਂ ਨੂੰ ਪੈ ਜਾਣ ਕੀੜੇ ਮੇਰੇ ਪਿਊ ਦੇ ਸਾਲਿਆਂ ਨੂੰ... ਐਡਾ ਸ਼ਰੀਫ ਮੁੰਡਾ ਖੱਖੜੀ ਮਾਂਗੂੰ ਖਲਾਰ ਕੇ ਧਰਤਾ ਫੋੜੀ ਪੈਣਿਆਂ ਨੇ... ਏਹਨਾਂ ਨੂੰ ਕੋਈ ਪੁੱਛੇ ਪਟਮੇਲੀ ਪੈਣਿਆਂ ਨੂੰ ਵੀ ਆਵਦੇ ਪਤੰਦਰਾਂ ਨਾਲ ਤਾਂ ਮੱਥਾ ਲਾਉਂਦੇ ਨ੍ਹੀ, ਉਹਨਾਂ ਭਣੋਈਆਂ ਨੂੰ ਵੇਖ ਕੇ ਤਾਂ ਰਾਹ ਬਦਲ ਲੈਂਦੇ ਐ

ਤੇ ਨਹੱਕੇ ਮੁੰਡਿਆਂ ਨੂੰ ਫੜ-ਫੜ ਐਵੇਂ ਪੀੜੀ ਜਾਂਦੇ ਐ ਡੁੱਬੜੇ..." ਗੁਰੀ ਕੇ ਘਰੇ ਕੰਮ ਕਰਦੀ ਬੰਤੋਂ ਮਜਵਣ ਨੇ ਮੁੰਡੇ ਨੂੰ ਵੇਖ ਕੇ ਪੁਲਸ ਆਲਿਆਂ 'ਤੇ ਆਵਦੀ ਭੜਾਸ ਕੱਢੀ।

ਗੁਰੀ ਨੂੰ ਤੁਰਨ ਫਿਰਨ ਜੋਗਾ ਹੋਣ ਵਿਚ ਦੋ ਮਹੀਨੇਂ ਲੱਗ ਗਏ। ਪਰ ਪੁਲਸ, ਜੀਹਦੇ ਮੂੰਹ ਨੂੰ ਲਹੂ ਲੱਗ ਚੁੱਕਾ ਸੀ, ਬਹੁਤੀ ਦੇਰ ਉਸ ਨੂੰ ਤੁਰਨ ਫਿਰਨ ਜੋਗਾ ਨਹੀਂ ਛੱਡਣ ਵਾਲੀ ਸੀ। ਇਲਾਕੇ ਵਿਚ ਹੋਈ ਹਰੇਕ ਛੋਟੀ-ਵੱਡੀ ਘਟਨਾਂ ਤੋਂ ਬਾਅਦ ਪੁਲਸ ਆਲੇ ਗੁਰੀਂ ਨੂੰ ਚੁੱਕ ਲੈਂਦੇ ਤੇ......। ਚਾਰ-ਪੰਜ ਵਾਰ ਪੁਲਸੀਆਂ ਨੇ ਗੁਰੀ ਦੇ ਪਰਿਵਾਰ ਤੋਂ ਰੱਜਵੇਂ ਪੈਸੇ ਖਾਧੇ। ਤੇ ਅੰਤ ਇੱਕ ਦਿਨ ਸ਼ਹਿਰ ਆਲੀਆਂ ਕਚਿਹਰੀਆਂ 'ਚ ਬੰਬ ਧਮਾਕਾ ਹੋਇਆ। ਦੋ-ਤਿੰਨ ਵੱਡੇ ਅਫਸਰ ਮਾਰੇ ਗਏ। ਪੁਲਸ ਨੂੰ ਛੇਤੀ ਕਾਰਵਾਈ ਕਰਨ ਦੀਆਂ ਹਦਾਇਤਾਂ ਜਾਰੀ ਹੋ ਗਈਆਂ। ਧਮਾਕਾ ਕਰਨ ਵਾਲੇ ਤਾਂ ਸਾਰੇ ਰੂਪੋਸ਼ ਸਨ ਤੇ ਪੁਲਸ ਨੇ ਗੁਰੀ ਨੂੰ ਢੇਪਈ ਵਾਲੀ ਨਹਿਰ 'ਤੇ ਲਿਆ ਕੇ ਮੁਕਾਬਲਾ ਬਣਾ ਦਿੱਤਾ ਤੇ ਖ਼ਬਰ ਲਵਾ ਦਿੱਤੀ,

'ਕਚਿਹਰੀਆਂ 'ਚ ਧਮਾਕਾ ਕਰਨ ਵਾਲੇ ਦਹਿਸ਼ਤਗਰਦਾਂ ਵਿਚੋਂ ਇੱਕ ਪੁਲਸ ਮੁਕਾਬਲੇ ਵਿਚ ਹਲਾਕ'

ਗੁਰੀ ਦੇ ਪਰਿਵਾਰ ਨੂੰ ਤਾਂ ਜਿਵੇਂ ਪਤਾ ਹੀ ਸੀ ਕਿ ਇੱਕ ਨਾ ਇੱਕ ਦਿਨ ਇਹ ਭਾਣਾ ਤਾਂ ਵਾਪਰ ਈ ਜਾਣੈ। ਗੁਰੀ ਦਾ ਲਾਸ਼ ਵੀ ਪੁਲਸ ਵਾਲਿਆਂ ਨੇ ਪਰਿਵਾਰ ਨੂੰ ਨਹੀਂ ਦਿੱਤੀ। ਹਰਜੀਤ ਦੇ ਇੱਕ ਪੁਲਸ ਵਾਲੇ ਮਿੱਤਰ ਨੇ ਉਸ ਨੂੰ ਦੱਸਿਆ ਕਿ ਗੁਰੀ 'ਤੇ ਅੰਨ੍ਹਾਂ ਕਹਿਰ ਢਾਹਿਆ ਗਿਆ ਸੀ। ਮਾਰਨ ਤੋਂ ਪਹਿਲਾਂ ਦੋਹੇਂ ਪੱਟ ਚੀਰ ਕੇ ਵਿਚ ਮਿਰਚਾਂ ਭਰੀਆਂ ਗਈਆਂ ਸਨ, ਸਾਰੇ ਨੌਂਹ ਪਲਾਸ ਨਾਲ ਖਿੱਚੇ ਗਏ ਸਨ... ਤੇ ਹਰਜੀਤ ਜਦ ਇਹ ਸਭ ਕੁਝ ਆਪਣੇ ਬਾਪੂ ਨੂੰ ਦੱਸ ਰਿਹਾ ਸੀ ਤਾਂ ਪਿੱਛੇ ਖੜੀ ਉਸ ਦੀ ਮਾਂ ਨੇ ਵੀ ਸਭ ਕੁਝ ਸੁਣ ਲਿਆ ਸੀ। ਉਹ ਉੱਥੇ ਹੀ ਚੱਕਰ ਜਿਹਾ ਖਾ ਕੇ ਡਿੱਗ ਪਈ ਤੇ ਐਸੀ ਡਿੱਗੀ ਕਿ ਮੁੜ ਕਦੀ ਨਾ ਉੱਠ ਸਕੀ। ਬਥੇਰਾ ਇਲਾਜ ਕਰਵਾਇਆ, ਪਰ ਸਭ ਵਿਅਰਥ... ਤੇ ਅੰਤ ਕੁਝ ਕੁ ਹਫਤੇ ਮੰਜੇ 'ਤੇ ਸੁੰਨ ਪਈ ਰਹਿਣ ਤੋਂ ਬਾਅਦ ਉਸ ਦੇ ਸਾਹ ਜਵਾਬ ਦੇ ਗਏ।

ਪਹਿਲਾਂ ਭਰਾ ਤੇ ਫੇਰ ਮਾਂ ਦੀ ਮੌਤ ਦੇ ਸਦਮੇਂ ਨੇ ਮਨਜੀਤ ਨੂੰ ਵੀ

ਹਿਲਾ ਕੇ ਰੱਖ ਦਿੱਤਾ ਸੀ। ਸਾਰਾ ਦਿਨ ਹੱਸਦੀ-ਖੇਡਦੀ ਰਹਿੰਦੀ ਮਨਜੀਤ ਨੂੰ ਹੁਣ ਕਦੇ ਕਿਸੇ ਨੇ ਹੱਸਦੇ ਨਹੀਂ ਵੇਖਿਆ ਸੀ, ਏਥੋਂ ਤੱਕ ਕਿ ਉਸ ਨੂੰ ਬੋਲਦੇ ਵੀ ਨਹੀਂ ਸੁਣਿਆਂ ਸੀ। ਨਿਹਾਲ ਸਿਹੁੰ ਨੇ ਇੱਕ ਦਿਨ ਹਰਜੀਤ ਨੂੰ ਕਿਹਾ, "ਪੁੱਤ, ਕੁੜੀ ਦਿਲ 'ਤੇ ਬਹੁਤ ਦੁੱਖ ਲਾਈ ਬੈਠੀ ਐ, ਆਪਾਂ ਦੋਵੇਂ ਤਾਂ ਤੁਰ ਜਾਨੇ ਆਂ ਖੇਤ ਨੂੰ ਪਰ ਇਹ ਘਰੇ 'ਕੱਲੀ ਸਾਰਾ ਦਿਨ ਰੋਂਦੀ ਰਹਿੰਦੀ ਐ। ਨਾਲੇ ਆਵਦੀ ਮਾਂ ਨਾਲ ਤਾਂ ਤੈਨੂੰ ਪਤਾ ਈ ਐ, ਅੰਤਾਂ ਦਾ ਪਿਆਰ ਸੀ ਏਹਦਾ... ਆਪਾਂ ਨੂੰ ਕੁਝ ਕਰਨਾ ਪਊ ਪੁੱਤ.."

"ਆਪਾਂ ਕੁਝ ਕਰ ਸਕਦੇ ਆਂ ਬਾਪੂ?.... ਕੁਛ ਹੈ ਆਪਣੇ ਵੱਸ 'ਚ... ਏਹ ਦੁੱਖ ਤਾਂ ਸਾਰੀ ਉਮਰ ਨੀ ਭੁੱਲਣੇ... ਹੁਣ ਤਾਂ ਇਹ ਨਾਲ ਈ...." ਏਨਾ ਕਹਿ ਕੇ ਹਰਜੀਤ ਦਾ ਗੱਚ ਭਰ ਗਿਆ ਤੇ ਉਸ ਦੀਆਂ ਅੱਖਾਂ ਵਿਚੋਂ ਹੰਝੂ ਤਰਪ-ਤਰਪ ਡਿੱਗਣ ਲੱਗੇ।

"ਤਕੜਾ ਹੋ ਸ਼ੇਰਾ... ਨਾਲੇ ਆਪਾਂ ਤਾਂ ਬੰਦੇ ਐਂ... ਅੱਧੋਂ ਵਧ ਦਿਨ ਤਾਂ ਆਪਾਂ ਪਿੰਡ 'ਚ ਤੁਰੇ ਫਿਰਦੇ ਈ ਕੱਢ ਦਿੰਨੇ ਐਂ... ਪਰ ਕੁੜੀਆਂ ਦੇ ਦਿਲ ਪੁੱਤ ਮਾੜੇ ਹੁੰਦੇ ਐ... ਏਹ ਬਾਹਲਾ ਦੁੱਖ ਨ੍ਹੀ ਝੱਲ ਸਕਦੀਆਂ... ਏਹਤੋਂ ਵੀ ਇਹ ਦੁੱਖ ਸਹਾਰੇ ਨ੍ਹੀ ਜਾਣੇ... ਆਪਾਂ ਭੱਜ-ਨੱਠ ਕੇ ਕੋਈ ਚੰਗਾ ਘਰ ਲੱਭੀਏ ਤੇ ਏਹਦਾ ਵਿਆਹ ਕਰ ਦੀਏ, ਨਵੇਂ ਘਰ ਜਾ ਕੇ ਖੌਰੇ ਕੁਝ ਭੁੱਲ ਈ ਜਾਵੇ..."

ਕੁਝ ਚਿਰ ਪਿੱਛੋਂ ਪਿੰਡ 'ਚੋਂ ਕਿਸੇ ਨੇ ਦੱਸ ਪਾਈ। ਮੁੰਡਾ ਵੀ ਸਾਊ ਸੀ ਤੇ ਪਰਿਵਾਰ ਵੀ ਖਾਨਦਾਨੀ, ਸੋ ਕੋਈ ਅੜਿੱਕਾ ਨਾ ਲੱਗਿਆ। ਨਿਹਾਲ ਸਿਉਂ ਨੇ ਕੁੜੀ ਨੂੰ ਵਿਆਹ ਵਿਚ ਚੰਗਾ ਦੇਣ-ਲੈਣ ਦਿੱਤਾ ਤਾਂ ਕਿ ਕਿਤੇ ਧੀ ਇਹ ਨਾ ਸੋਚੇ ਕਿ ਮੇਰੀ ਮਾਂ ਹੈ ਨਈਂ ਸੀ ਤੇ ਬਾਪੂ ਨੇ.....

ਚਾਰ ਦਿਨ ਸੁਖ ਦੇ ਨਿਕਲੇ। ਹੁਣ ਵੀ ਕਦੇ-ਕਦੇ ਕਿਸੇ ਵਾਰਦਾਤ ਤੋਂ ਬਾਅਦ ਪੁਲਸ ਏਨ੍ਹਾਂ ਦੇ ਘਰੇ ਗੇੜਾ ਮਾਰ ਜਾਂਦੀ ਸੀ। ਇੱਕ ਦੋ ਵਾਰ ਪੁਲਸੀਏ ਖੇਤ ਵੀ ਗਏ। ਉਹਨਾਂ ਨੂੰ ਵੇਖ ਕੇ ਹਰਜੀਤ ਆਸੇ-ਪਾਸੇ ਹੋ ਜਾਂਦਾ। ਇੱਕ ਦਿਨ ਰਾਤ ਨੂੰ ਨਿਹਾਲ ਸਿਹੁੰ ਨੇ ਹਰਜੀਤ ਨੂੰ ਕਿਹਾ, "ਜੀਤ... ਓ... ਜੀਤ, ਸੌਂ ਗਿਐਂ"

"ਨਹੀਂ ਬਾਪੂ, ਜਾਗਦਾਂ ਅਜੇ..." ਹਰਜੀਤ ਨੇ ਜਵਾਬ ਦਿੱਤਾ।

"ਯਰ ਆਹ ਪੁਲਸ ਆਲਿਆਂ ਦੀ ਨੀਤ ਜ੍ਹੀ ਠੀਕ ਨ੍ਹੀ ਲੱਗਦੀ, ਕਿਤੇ ਫੇਰ ਨਾ ਕੋਈ ਸਿਆਪਾ ਪਾ ਦੇਣ... ਹੁਣ ਤਾਂ ਆਪਣੇ ਕੋਲ ਬਚਿਆ ਵੀ ਕੁਛ ਨੀ ਇਹਨਾਂ ਨੂੰ ਦੇਣ ਨੂੰ... ਤੂੰ ਆਏਂ ਕਿਉਂ ਨੀ ਕਰਦਾ ਬੀ ਆਵਦੇ ਮਾਮੇਂ ਦੇ ਮੁੰਡੇ ਜੱਸੇ ਨਾਲ ਗੱਲ ਕਰਕੇ ਕੋਈ ਬਾਹਰ-ਬੂਹਰ ਦਾ ਜਗਾੜ ਈ ਬਣਾ ਲਾ..." ਨਿਹਾਲ ਸਿਹੁੰ ਨੇ ਆਪਣੇ ਦਿਲ ਦਾ ਡਰ ਹਰਜੀਤ ਨਾਲ ਸਾਂਝਾ ਕੀਤਾ। ਹਰਜੀਤ ਦੇ ਮਾਮੇਂ ਦਾ ਮੁੰਡਾ ਜਸਵੰਤ ਅਮਰੀਕਾ ਗਿਆ ਹੋਇਆ ਸੀ। ਐਤਕੀਂ ਜਦੋਂਨ ਉਹ ਆਇਆ ਸੀ ਤਾਂ ਹਰਜੀਤ ਨੂੰ ਕਹਿ ਗਿਆ ਸੀ, "ਕੋਈ ਬੰਦੋਬਸਤ ਕਰਲਾਂਗੇ ਜੇ ਤੇਰਾ ਇਰਾਦਾ ਹੋਇਆ ਅਮੈਰਿਕਾ ਆਉਣ ਦਾ ਤਾਂ... ਸੌ ਰਾਹ ਹੈਗੇ ਆ"। ਨਿਹਾਲ ਸਿਹੁੰ ਦੇ ਦਿਮਾਗ ਵਿਚ ਅੱਜ ਉਹੀ ਗੱਲ ਚੱਲ ਰਹੀ ਸੀ।

"ਸੋਚਿਆ ਤਾਂ ਮੈਂ ਵੀ ਕਈ ਆਰੀ ਐ ਬਾਪੂ... ਪਰ ਫੇਰ ਸੋਚਦਾਂ ਘਰ ਦਾ ਕੀ ਬਣੂ... ਤੇਰਾ ਕਿਵੇਂ ਸਰੂ 'ਕੱਲੇ ਦਾ..."

"ਲੈ ਮੈਨੂੰ 'ਕੱਲੇ ਨੂੰ ਕੀ ਭੱਬੂ ਖਾਂਦੇ ਐ... ਤੂੰ ਮਨ ਬਣਾ ਜਾਣ ਦਾ ਘਰੇ ਸਾਰਾ ਸਰ ਜਊਗਾ... ਨਾਲੇ ਆਪਣਾ ਖਲਾਰਾ ਕੀ ਐ... ਨਾਲੇ ਜੇ ਤੂੰ 'ਮਰੀਕਾ ਚਲਿਆ ਗਿਆ ਤਾਂ ਖਵਣੀ ਮੇਰਾ ਵੀ ਗੇੜਾ ਲਵਾ ਦੇਵੇਂ... ਬਹਾਨੇ ਨਾਲ ਮੈਂ ਵੀ 'ਮਰੀਕੇ ਜਾ ਆਊਂ..." ਨਿਹਾਲ ਸਿਹੁੰ ਨੇ ਮੁੰਡੇ ਦਾ ਦਿਲ ਬਣਾਉਣ ਲਈ ਹਾਸੇ ਜਹੇ ਨਾਲ ਕਿਹਾ।

ਅੰਤ ਬਾਪੂ ਦੇ ਬਹੁਤਾ ਜ਼ੋਰ ਪਾਉਣ ਕਰਕੇ ਇੱਕ ਦਿਨ ਹਰਜੀਤ, ਜੱਸੇ ਦੇ ਕਹੇ ਜਲੰਧਰ ਕਿਸੇ ਏਜੰਟ ਨੂੰ ਮਿਲਣ ਚਲਾ ਗਿਆ। ਉਸ ਏਜੰਟ ਨੇ ਅਮਰੀਕਾ ਦਾ ਵੀਜ਼ਾ ਦਵਾਉਣ ਦੀ ਪੂਰੀ ਗਰੰਟੀ ਲਈ। ਹਰਜੀਤ ਉਸ ਨੂੰ ਹਾਂ ਕਰ ਆਇਆ ਤੇ ਆਪਣਾ ਪਾਸਪੋਰਟ ਤੇ ਕੁਝ ਪੈਸੇ ਵੀ ਉਸ ਨੂੰ ਫੜਾ ਆਇਆ।

ਦੋ ਕੁ ਮਹੀਨਿਆਂ ਬਾਅਦ ਏਜੰਟ ਦਾ ਸੁਨੇਹਾਂ ਆਇਆ ਕਿ ਉਸ ਦਾ ਵੀਜ਼ਾ ਲੱਗ ਗਿਆ ਹੈ, ਇਹ ਸੁਣ ਕੇ ਹਰਜੀਤ ਦੇ ਚਿਹਰੇ 'ਤੇ ਖੁਸ਼ੀ ਆ ਗਈ, ਪਰ ਇਹ ਖੁਸ਼ੀ ਥੋੜ ਚਿਰੀ ਸੀ, ਕਿਉਂਕਿ ਏਜੰਟ ਨੇ ਨਾਲ ਹੀ ਦੋ ਲੱਖ ਦੇ ਖਰਚੇ ਦੀ ਗੱਲ ਵੀ ਕਰ ਦਿੱਤੀ ਸੀ। ਹਰਜੀਤ ਦਾ ਮੂੰਹ ਉਤਰਿਆ ਵੇਖ ਕੇ ਨਿਹਾਲ ਸਿਹੁੰ ਨੇ ਪੁੱਛਿਆ, "ਕੀ ਗੱਲ...? ਕੀ ਆਂਹਦਾ

ਏਜੰਟ...? ਬਣੀ ਨ੍ਹੀ ਗੱਲ...?" ਉਸ ਨੇ ਕਈ ਸਵਾਲ ਇਕੱਠੇ ਕਰ ਦਿੱਤੇ।

ਕੁਝ ਚਿਰ ਹਰਜੀਤ ਕੁਝ ਨਾ ਬੋਲਿਆ, ਬਾਪੂ ਨੇ ਮੁੜ ਕਿਹਾ, "ਕੀ ਗੱਲ ਜੀਤ ਤੂੰ ਬੋਲਦਾ ਨੀ ਕੁਛ..."

"ਕੀ ਬੋਲਾਂ ਬਾਪੂ... ਏਜੰਟ ਆਂਹਦਾ ਬੀ ਵੀਜ਼ਾ ਤਾਂ ਲੱਗ ਗਿਐ..."

"ਫੇਰ... ਰੌਲਾ ਕਾਹਦੈ ਜੇ ਵੀਜ਼ਾ ਲੱਗ ਗਿਐ ਤਾਂ..."

"ਓਹਨੇਂ ਦੋ ਲੱਖ ਰੁਪਈਏ ਵੀ ਮੰਗੇ ਐ ਨਾਲ..."

ਇਹ ਸੁਣ ਕੇ ਇੱਕ ਵਾਰ ਤਾਂ ਨਿਹਾਲ ਸਿਹੁੰ ਵੀ ਸੁੰਨ ਹੋ ਗਿਆ, ਪਰ ਉਹ ਮੁੰਡੇ ਦਾ ਹੌਸਲਾ ਨਹੀਂ ਟੁੱਟਣ ਦੇਣਾ ਚਾਹੁੰਦਾ ਸੀ। ਸੋ ਉਹ ਹੌਸਲੇ ਨਾਲ ਬੋਲਿਆ, "ਲੈ ਇਹ ਕਿਹੜੀ ਗੱਲ ਐ... ਪੈਸੇ ਦਾ ਇੰਤਜਾਮ ਕਰਲਾਂਗੇ ਆਪਾਂ... ਤੂੰ ਫਿਕਰ ਨਾ ਕਰ, ਨਾਲੇ ਬਾਹਰ ਜਾਣ 'ਤੇ ਪੈਸੇ ਤਾਂ ਲੱਗਦੇ ਈ ਹੁੰਦੇ ਐ ਪੁੱਤਰਾ... ਕੋਈ ਨੀ ਮੈਂ ਕਰਲੂੰ ਕੋਈ ਬੰਨ ਸੁੱਬ..."

"ਤੂੰ ਤਾਂ ਆਏਂ ਕਰਦੈਂ ਬਾਪੂ ਜਿਵੇਂ ਮੈਨੂੰ ਘਰ ਦੀ ਹਾਲਤ ਪਤਾ ਨਾ ਹੋਵੇ, ਆਪਣੇ ਕੋਲ ਹੁਣ ਬਚਿਆ ਕੀ ਐ ਆਹ ਚਾਰ ਕਿੱਲਿਆਂ ਤੋਂ ਬਿਨਾਂ... ਤੇ ਜੇ ਇਹ ਵੀ ਵੇਚਤੀ ਤਾਂ ਰੋਟੀ ਕਿਥੋਂ ਖਾਵਾਂਗੇ, ਛੱਡ ਪਰੇ, ਮੈਂ ਨੀ ਜਾਣਾ ਕਿਤੇ, ਏਥੇ ਈ ਗੁਜ਼ਾਰਾ ਕਰਲਾਂਗੇ ਔਖੇ-ਸੌਖੇ"

"ਓ ਏਥੇ ਆਪਾਂ ਨੂੰ ਟਿਕ ਕੇ ਟੁੱਕ ਦੀ ਬੁਰਕੀ ਵੀ ਨੀ ਖਾਣ ਦੇਣੀ ਜ਼ਾਲਮਾਂ ਨੇ... ਆਹ ਜਿਹੜੇ ਜਮਜੂਤ ਆਪਣੇ ਮਗਰ ਪਏ ਵੇ ਐ ਨਾ ਏਹਨਾਂ ਦੇ ਮੂੰਹ ਨੂੰ ਲਹੂ ਲੱਗ ਗਿਐ ਤੇ ਏਹ ਆਦਮ ਖਾਣੇ ਰਾਖਸ਼ ਆਪਾਂ ਨੂੰ ਖਾ ਕੇ ਹੀ ਦਮ ਲੈਣਗੇ, ਨਾਲੇ ਤੈਥੋਂ ਕਿਹੜਾ ਲੁਕਿਐ, ਸਾਰਾ ਪੰਜਾਬ ਮੁੰਡਿਆਂ ਤੋਂ ਸੱਖਣਾ ਕਰਤਾ ਇਹਨਾਂ ਲਹੂ ਪੀਣੀਆਂ ਜੋਕਾਂ ਨੇ, ਤੂੰ ਮੇਰਾ ਪੁੱਤ ਹੌਸਲਾ ਨਾ ਹਾਰ... ਆਪਾਂ ਐਤਕੀਂ ਜ਼ਮੀਨ ਬੈਅ ਨ੍ਹੀ ਕਰਦੇ, ਸਰਪੰਚ ਆਂਹਦਾ ਸੀ ਬੈਂਕ ਆਲੇ ਜ਼ਮੀਨ 'ਤੇ ਕਰਜ਼ਾ ਦੇ ਦਿੰਦੇ ਐ, ਆਪਾਂ ਵੀ ਲੈ ਲਵਾਂਗੇ, ਨਾਲੇ ਜਦੋਂ ਤੂੰ 'ਕੇਰਾਂ 'ਮਰੀਕਾ ਜਾ ਵੜਿਆ ਫੇਰ ਸਾਰੇ ਕਰਜ਼ੇ ਲਹਿ ਜਾਣਗੇ, ਸਾਰੇ ਧੋਣੇ ਧੋਤੇ ਜਾਣਗੇ... ਤੂੰ ਤਕੜਾ ਹੋ ਮੇਰਾ ਪੁੱਤ, ਆਏਂ ਢੇਰੀ ਨਾ ਢਾਹ... ਮੈਂ ਹੁਣੇ ਸਰਪੰਚ ਕੰਨੀ ਜਾ ਕੇ ਆਉਂਣੈ" ਨਿਹਾਲ ਸਿਹੁੰ ਬਿਨਾ ਹਰਜੀਤ ਦਾ ਕੋਈ ਜਵਾਬ ਸੁਣੇ ਤੁਰ ਗਿਆ।

ਹਰਜੀਤ ਬੈਠਾ ਇੱਕ ਪਾਸੇ ਤਾਂ ਘਰ ਦੀ ਮੰਦੀ ਹਾਲਤ ਬਾਰੇ ਸੋਚ

ਰਿਹਾ ਸੀ ਤੇ ਦੂਜੇ ਪਾਸੇ ਉਸ ਨੂੰ ਪੁਲਸ ਦੇ ਕਹਿਰ ਦਾ ਡਰ ਵੀ ਸਤਾ ਰਿਹਾ ਸੀ। ਬਾਪੂ ਦੀਆਂ ਗੱਲਾਂ ਬਿਲਕੁਲ ਸੱਚ ਸਨ। ਬੰਦਾ ਮਾਰਨਾਂ ਤਾਂ ਪੁਲਸ ਲਈ ਜਿਵੇਂ ਇੱਕ ਖੇਡ ਹੋ ਗਿਆ ਸੀ। ਗੁਰੀ 'ਤੇ ਵਾਪਰਿਆ ਕਹਿਰ ਤਾਂ ਇੱਕ ਤਰ੍ਹਾਂ ਨਾਲ ਉਸ ਨੇ ਆਪਣੇ ਪਿੰਡੇ 'ਤੇ ਹੰਢਾਇਆ ਹੋਇਆ ਸੀ। ਹੋਰ ਵੀ ਅਣਗਿਣਤ ਕਹਾਣੀਆਂ ਉਸ ਨੇ ਅਜਿਹੀਆਂ ਸੁਣੀਆਂ ਹੋਈਆਂ ਸਨ ਜਿਸ ਵਿਚ ਪੁਲਸ ਨੇ ਬੇਦੋਸ਼ੇ ਤੇ ਨਹੱਕੇ ਮੁੰਡਿਆਂ ਨੂੰ ਕੋਹ-ਕੋਹ ਕੇ ਮਾਰਿਆ ਸੀ। ਉਸ ਨੂੰ ਥੋੜੇ ਦਿਨ ਪਹਿਲਾਂ ਹੀ ਪਤਾ ਲੱਗਿਆ ਸੀ ਕਿ ਪੁਲਸ ਨੇ ਉਹਨਾਂ ਦੇ ਨਾਲ ਪੜ੍ਹਦੇ ਇੱਕ ਹੋਰ ਮੁੰਡੇ ਬਲਵਿੰਦਰ ਨੂੰ ਵੀ ਮਾਰ ਦਿੱਤਾ ਸੀ। ਉਸ 'ਤੇ ਹੋਇਆ ਤਸ਼ੱਦਦ ਸੁਣ ਕੇ ਤਾਂ ਉਸਦੀ ਚੀਸ ਨਿਕਲ ਗਈ ਸੀ। ਸਰੀਰ ਦਾ ਮਾਸ ਕਈ ਥਾਵਾਂ ਤੋਂ ਸਾੜਿਆ ਹੋਇਆ ਸੀ ਤੇ ਮੂਹਰਲੇ ਦੰਦ ਵੀ ਪਲਾਸ ਨਾਲ ਖਿੱਚ ਦਿੱਤੇ ਸਨ। ਜਦੋਂ ਵੀ ਕਿਤੇ ਹਰਜੀਤ ਇਹ ਸਭ ਕੁਝ ਯਾਦ ਕਰਦਾ ਤਾਂ ਉਸ ਦੇ ਲੂੰ ਕੰਢੇ ਖੜੇ ਹੋ ਜਾਂਦੇ। ਉਹ ਸੋਚਦਾ ਕਿ ਆਖ਼ਰ ਇਹ ਲੜਾਈ ਮੁੱਕਦੀ ਕਿਉਂ ਨਹੀਂ। ਸ਼ਾਇਦ ਉਹ ਨਹੀਂ ਜਾਣਦਾ ਸੀ ਕਿ ਇਹ ਲੜਾਈ ਸੱਚ ਤੇ ਝੂਠ ਦੀ ਸੀ, ਜਿਹੜੀ ਮੁੱਢ ਕੁਦੀਮ ਤੋਂ ਚੱਲ ਰਹੀ ਸੀ। ਝੂਠ, ਜਿਸਦੇ ਹੱਥ ਵਿਚ ਤਾਕਤ ਸੀ, ਕਿਉਂਕਿ ਉਹ ਗਿਣਤੀ ਵਿਚ ਵੱਧ ਸੀ, ਨੇ ਹਮੇਸ਼ਾਂ ਸੱਚ ਨੂੰ ਅਸੁਰ, ਬਾਗੀ, ਅੱਤਵਾਦੀ, ਉਗਰਵਾਦੀ, ਨਕਸਲਵਾਦੀ ਕਹਿ ਕੇ ਮਾਰਿਆ, ਪਰ ਸੱਚ ਫਿਰ ਵੀ ਡੋਲਿਆ ਨਹੀਂ ਸਗੋਂ ਹੋਰ ਜੋਸ਼ ਨਾਲ ਝੂਠ ਮੂਹਰੇ ਹਿੱਕ ਤਾਣ ਕੇ ਖੜ੍ਹਦਾ ਰਿਹਾ ਤੇ ਅੱਜ ਪੰਜਾਬ ਵਿਚ ਵੀ ਇਹ ਜ਼ਾਲਮ ਹਾਕਮ ਨਾਲ ਲੋਹਾ ਲੈ ਰਿਹਾ ਸੀ। ਖ਼ੈਰ...

ਕਾਫੀ ਦੇਰ ਪਿੱਛੋਂ ਨਿਹਾਲ ਸਿਹੁੰ ਘਰ ਮੁੜਿਆ। ਪਿੰਡ ਵਿਚ ਉਸ ਨੂੰ ਰੂਪ ਮਿਲਿਆ ਸੀ। ਰੂਪ ਦੀ ਕੁੜੀ ਵੀ ਉਸੇ ਪਿੰਡ ਵਿਆਹੀ ਹੋਈ ਸੀ ਜਿੱਥੇ ਮਨਜੀਤ। ਰੂਪ ਆਪਣੀ ਧੀ ਨੂੰ ਮਿਲ ਕੇ ਆਇਆ ਸੀ। ਉਸ ਨੂੰ ਉੱਥੋਂ ਪਤਾ ਲੱਗਿਆ ਕਿ ਪੁਲਸ ਆਨੀ-ਬਹਾਨੀ ਮਨਜੀਤ ਦੇ ਸਹੁਰੇ ਘਰ ਵੀ ਗੇੜਾ ਮਾਰਨ ਲੱਗੀ ਸੀ। ਉਸ ਨੇ ਜੋ ਕੁਝ ਸੁਣਿਆਂ ਸੀ ਸਭ ਨਿਹਾਲ ਸਿਹੁੰ ਨੂੰ ਦੱਸ ਦਿੱਤਾ। ਨਿਹਾਲ ਸਿਹੁੰ ਤਾਂ ਹੁਣ ਜਿਵੇਂ ਦੁੱਖਾਂ ਦਾ ਆਦੀ ਹੋ ਗਿਆ ਸੀ। ਪਰ ਉਸ ਦੇ ਦਿਲ ਨੂੰ ਇਹ ਸੁਣ ਕੇ ਇੱਕ ਅਣਜਾਣ

ਡਰ ਜ਼ਰੂਰ ਸਤਾਉਣ ਲੱਗ ਪਿਆ ਸੀ। ਉਸ ਨੇ ਘਰ ਆ ਕੇ ਮਨਜੀਤ ਕਿਆਂ ਬਾਰੇ ਕੁਝ ਵੀ ਹਰਜੀਤ ਨੂੰ ਨਾ ਦੱਸਿਆ। ਉਸ ਨੇ ਘਰ ਵੜਦਿਆਂ ਹੀ ਆਪਣਾ ਦੁੱਖ ਲੁਕੋਂਦਿਆਂ ਹਰਜੀਤ ਨੂੰ ਆਵਾਜ਼ ਮਾਰੀ, "ਜੀਤ ਓ ਜੀਤ ਸਿਆਂ..."

"ਹਾਂ ਬਾਪੂ..."

"ਸਰਪੰਚ ਆਂਹਦਾ ਬਈ ਹੋਜੂ ਜਗਾੜ... ਆਪਾਂ ਬੈਂਕ ਜਾ ਆਵਾਂਗੇ... ਹੁਣ ਤੂੰ ਆਪਣੀ ਬਾਕੀ ਤਿਆਰੀ ਕਰ ਤੇ ਨਾਲੇ ਏਜੰਟ ਨੂੰ ਵੀ ਖ਼ਬਰ ਕਰ ਦੇ ਕਿ ਅਸੀਂ ਪੈਸਿਆਂ ਦਾ ਇੰਤਜ਼ਾਮ ਕਰ ਲਿਐ..."

ਅਣਮੰਨੇ ਜਹੇ ਮਨ ਨਾਲ ਹਰਜੀਤ ਨੇ ਹੁੰਗਾਰਾ ਭਰਿਆ, "ਠੀਕ ਆ ਬਾਪੂ..."

ਕੁਝ ਦਿਨਾਂ ਪਿੱਛੋਂ ਬਾਕੀ ਬਚੀ ਜ਼ਮੀਨ 'ਤੇ ਕਰਜ਼ਾ ਚੁੱਕ ਕੇ ਨਿਹਾਲ ਸਿਹੁੰ ਨੇ ਹਰਜੀਤ ਦੇ ਬਾਹਰ ਜਾਣ ਲਈ ਪੈਸਿਆਂ ਦਾ ਬੰਦੋਬਸਤ ਕਰ ਦਿੱਤਾ। ਭਾਵੇਂ ਕਿ ਪੰਜਾਹ ਕਿੱਲਿਆਂ ਦਾ ਮਾਲਕ ਨਿਹਾਲ ਸਿੰਘ ਹੁਣ ਲਗਭਗ ਬੇਜ਼ਮੀਨਾਂ ਹੋ ਚੁੱਕਾ ਸੀ, ਪਰ... ਮਰਦਾ ਕੀ ਨਾ ਕਰਦਾ... ਜ਼ਮੀਨ ਮਾਂ ਹੁੰਦੀ ਹੈ... ਪਰ ਪੁੱਤ ਦੀ ਜਾਨ ਬਚਾਉਣ ਲਈ ਮਾਂ ਵੇਚਣੀ ਪੈਣੀ ਸੀ, ਨਹੀਂ ਤਾਂ...

ਕਰ-ਕਰਾ ਕੇ ਹਰਜੀਤ ਦੇ ਬਾਹਰ ਜਾਣ ਦਾ ਪੂਰਾ ਇੰਤਜ਼ਾਮ ਹੋ ਗਿਆ। ਮਨਜੀਤ ਵੀ ਵੀਰ ਨੂੰ ਵਿਦਾ ਕਰਨ ਲਈ ਆਈ। ਭਾਵੇਂ ਕਿ ਨਿਹਾਲ ਸਿਹੁੰ ਨੂੰ ਮਨਜੀਤ ਕਿਆਂ 'ਤੇ ਪਈ ਬਿਪਤਾ ਬਾਰੇ ਪਤਾ ਸੀ ਪਰ ਮਨਜੀਤ ਨੇ ਆਪਣੇ ਬਾਪੂ ਦੇ ਪੁਰਾਣੇ ਜ਼ਖ਼ਮ ਤੱਕਦੇ ਹੋਏ ਆਪਣਾ ਭੋਰਾ ਦੁੱਖ ਜ਼ਾਹਰ ਨਾ ਹੋਣ ਦਿੱਤਾ।

ਘਰੋਂ ਤੁਰਨ ਲੱਗਿਆਂ ਹਰਜੀਤ ਭੈਣ ਦੇ ਗਲ ਲੱਗ ਕੇ ਹਉਂਕੇ ਭਰ-ਭਰ ਰੋਣ ਲੱਗ ਪਿਆ। ਮਨਜੀਤ ਭਾਵੇਂ ਆਪ ਵੀ ਜਵਾਂ ਫਿੱਸ ਗਈ ਸੀ ਪਰ ਉਸ ਨੇ ਵੀ ਨੂੰ ਹੌਸਲਾ ਦਿੰਦੇ ਹੋਏ ਕਿਹਾ, "ਕੋਈ ਨੀ ਵੀਰੇ, ਜ਼ੇਰਾ ਕਰ ਪ੍ਰਮਾਤਮਾਂ ਹੁਣ ਭਲੀ ਕਰੂਗਾ... ਤੂੰ ਬਾਹਰ ਚਲਾ ਜਾਵੇਂ ਤਾਂ ਆਪਣੇ ਘਰ ਦੀ ਦਸ਼ਾ ਵੀ ਸੁਧਰ ਜਾਊਗੀ... ਨਾਲੇ ਕੀਹਦਾ ਜੀਅ ਕਰਦੈ ਘਰ ਛੱਡ ਕੇ ਜਾਣ ਨੂੰ... ਤੈਨੂੰ ਤਾਂ ਪਤਾ ਈ ਐ ਬੀ ਕਿਵੇਂ ਬੰਦੇ ਖਾਣੀ ਪੁਲਸ

ਆਦਮ ਬੋ ਆਦਮ ਬੋ ਕਰਦੀ ਹਲਕੀ ਫਿਰਦੀ ਐ... ਸਾਡੇ ਲਈ ਤਾਂ ਬਸ ਤੂੰ ਜਿਉਂਦਾ ਚਾਹੀਦੈਂ ਫੇਰ ਭਾਵੇਂ ਕਿਤੇ ਵੀ ਰਹੇਂ... ਸੁਖੀ ਵਸੇਂ ਬਸ ਇਹੀ ਅਰਦਾਸ ਐ... ਤੂੰ ਤਕੜਾ ਜ਼ੇਰਾ ਕਰ ਆਏ ਡੋਲ ਨਾ ਮੇਰਾ ਵੀਰ..." ਏਨਾ ਕਹਿ ਕੇ ਮਨਜੀਤ ਵੀ ਰੋਣ ਲੱਗ ਪਈ।

ਨਿਹਾਲ ਸਿਹੁੰ ਨੇ ਦਿਲ ਕਰੜਾ ਕਰਦੇ ਹੋਏ ਦੋਹਾਂ ਨੂੰ ਹੌਸਲਾ ਦਿੱਤਾ, "ਹੈ ਕਮਲੇ ਨਾ ਹੋਣ ਤਾਂ... ਓ ਇਹ ਕਿਹੜਾ ਬਸਰੇ ਦੀ ਲਾਮ 'ਤੇ ਚੱਲਿਐ... ਆਹ 'ਮਰੀਕੇ ਚੱਲਿਐ... ਜਦੋਂ ਚਿੱਤ ਉਦਾਸ ਹੋਊ ਆਜੂਗਾ ਜਹਾਜੇ ਚੜ੍ਹ ਕੇ... ਚੱਲ ਜੀਤ ਜੇਰਾ ਕਰ ਮੇਰਾ ਪੁੱਤ... ਐਵੇਂ ਲੇਟ ਨੀ ਹੋਈਦਾ..."

"ਬਾਪੂ... ਤੂੰ 'ਕੱਲਾ ਰਹਿਜੇਂਗਾ... ਤੈਨੂੰ ਗੁਰੀ ਦੀ, ਬੇਬੇ ਦੀ ਤੇ ਮੇਰੀ ਯਾਦ ਨਾ ਆਊ... ਕਿਵੇਂ ਸਹਾਰੇਂਗਾ ਐਨਾ ਕੁਝ... ਤੂੰ ਸਾਨੂੰ ਸਾਰਿਆਂ ਨੂੰ ਪਾਲਿਆ ਪੋਸਿਆ... ਪਰ ਅਸੀਂ ਤੈਨੂੰ ਭੋਰਾ ਸੁਖ ਨਾ ਦੇ ਸਕੇ... ਬਾਪੂ... ਮੈਨੂੰ ਮਾਫ ਕਰੀਂ ਬਾਪੂ..." ਹਰਜੀਤ ਨੇ ਰੋਂਦੇ ਹੋਏ ਕਿਹਾ। ਹੁਣ ਤਾਂ ਉਹ ਸਾਰੇ ਹੀ ਰੋ ਰਹੇ ਸਨ, ਜਿਵੇਂ ਸਦਾ ਲਈ ਇੱਕ ਦੂਜੇ ਤੋਂ ਵਿਛੜ ਰਹੇ ਹੋਣ... ਸ਼ਾਇਦ...

ਹਰਜੀਤ ਦੇ ਨਾਲ ਤਕਰੀਬਨ ੨੦ ਮੁੰਡੇ ਸਨ ਜੋ ਅਮਰੀਕਾ ਜਾ ਰਹੇ ਸਨ। ਉਹਨਾਂ ਨੂੰ ਏਜੰਟ ਨੇ ਸਮੁੰਦਰ ਦੇ ਰਸਤੇ ਲਿਜਾਣਾ ਸੀ। ਹਰਜੀਤ ਨੂੰ ਉਦਾਸ ਵੇਖ ਕੇ ਨਾਲ ਦੇ ਮੁੰਡਿਆਂ ਨੇ ਕਾਰਨ ਪੁੱਛਿਆ ਤਾਂ ਹਰਜੀਤ ਨੇ ਆਪਣੇ ਨਾਲ ਬੀਤੀ ਸਾਰੀ ਵਾਰਤਾ ਸੁਣਾ ਦਿੱਤੀ। ਪਰ ਉਸ ਰਾਤ ਉਹ ਸੌਂ ਨਹੀਂ ਸਕਿਆ, ਕਿਉਂਕਿ ਉਸ ਦੀ ਕਹਾਣੀ ਸੁਣ ਕੇ ਬਾਕੀ ਮੁੰਡਿਆਂ ਨੇ ਵੀ ਆਪਣੇ ਨਾਲ ਬੀਤੀਆਂ ਕਹਾਣੀਆਂ ਸੁਣਾਈਆਂ ਸਨ ਤੇ ਸਾਰਿਆਂ ਨਾਲ ਹੀ ਹਰਜੀਤ ਵਾਂਗ ਕਹਿਰ ਵਾਪਰਿਆ ਸੀ। ਕਿਸੇ ਦੀ ਕਹਾਣੀ ਘੱਟ ਹਿਰਦੇਵੇਧਕ ਨਹੀਂ ਸੀ ਤੇ ਕੋਈ ਵੀ ਪੈਸੇ ਕਮਾਉਣ ਬਾਹਰ ਨਹੀਂ ਜਾ ਰਿਹਾ ਸੀ। ਸਾਰੇ ਬਸ ਆਪਣੇ ਬਚਾਅ ਲਈ....।

ਏਧਰ ਥਾਣੇਦਾਰ ਸ਼ਿਵ ਕੁਮਾਰ ਬਾਰੇ ਕੁਝ ਹੋਰ ਹੀ ਸੋਚਿਆ ਹੋਇਆ ਸੀ। ਉਹ ਤਾਂ ਹਰਜੀਤ ਨੂੰ ਚੈਕ ਸਮਝਦਾ ਸੀ ਜਿਸ ਨੂੰ ਕਦੇ ਵੀ ਕੈਸ਼ ਕੀਤਾ ਜਾ ਸਕਦਾ ਸੀ। ਇਲਾਕੇ ਵਿਚ ਵਾਪਰੀ ਕਿਸੇ ਵੀ ਵੱਡੀ ਘਟਨਾਂ ਵਿਚ ਹਰਜੀਤ ਦਾ ਨਾਂ ਪਾ ਕੇ ਇਨਾਮ ਹਾਸਲ ਕਰ ਲੈਣਾ ਸੀ। ....ਤੇ

ਜਦ ਉਸ ਨੂੰ ਹਰਜੀਤ ਦੇ ਚਲੇ ਜਾਣ ਬਾਰੇ ਪਤਾ ਲੱਗਾ ਤਾਂ ਉਹ ਗੁੱਸੇ ਨਾਲ ਲਾਲ ਹੋ ਗਿਆ। ਉਸ ਦਾ ਇਹ ਗੁੱਸਾ ਸਭ ਤੋਂ ਪਹਿਲਾਂ ਮਨਜੀਤ ਦੇ ਸਹੁਰੇ ਪਰਿਵਾਰ 'ਤੇ ਨਿਕਲਿਆ। ਇੱਕ ਰਾਤ ਨੂੰ ਆਪਣੇ ਕੁਝ ਕੈਟ ਸ਼ਿਵ ਕੁਮਾਰ ਨੇ ਮਨਜੀਤ ਕੇ ਘਰ 'ਰੋਟੀ ਖਾਣ' ਭੇਜੇ। ਉਹ ਭਜਨ ਦੀ ਜਥੇਬੰਦੀ ਦਾ ਨਾਮ ਲੈ ਕੇ ਮਨਜੀਤ ਕੇ ਘਰ ਵੜ੍ਹ ਗਏ। ਭਜਨ ਦਾ ਇਲਾਕੇ ਵਿਚ ਬਹੁਤ ਸਤਿਕਾਰ ਸੀ। ਸੋ ਘਰਦਿਆਂ ਨੇ ਉਹਨਾਂ ਨੂੰ ਪਿਆਰ ਨਾਲ ਪਰਸ਼ਾਦਾ ਪਾਣੀ ਛਕਾਇਆ ਤੇ ਕਿਸੇ ਗੱਲੋਂ ਭੋਰਾ ਨਾਂਹ ਨੁੱਕਰ ਨਾ ਕੀਤੀ....। ਤੇ ਇਹਨਾਂ 'ਕੈਟਾਂ' ਵਿਚ ਇੱਕ ਨੇ ਕੁਝ 'ਸਮਾਨ' ਜਾਂਦੇ ਹੋਏ ਮਨਜੀਤ ਕੀ ਖੁਰਲੀ ਵਿਚ ਰੱਖ ਦਿੱਤਾ। ਘਰ ਵਾਲਿਆਂ ਨੂੰ ਇਸ ਬਾਰੇ ਕੁਝ ਪਤਾ ਨਾ ਲੱਗਾ। ਪਰ ਪੁਲਸ ਨੂੰ ਤਾਂ ਸਭ ਪਤਾ ਸੀ ਤੇ ਉਹ ਤੜਕਸਾਰ ਹੀ ਚੜ੍ਹ ਕੇ ਆ ਗਏ। 'ਸਮਾਨ' ਬਰਾਮਦ ਕਰ ਲਿਆ ਗਿਆ ਤੇ ਪਰਿਵਾਰ 'ਤੇ ਕਹਿਰ ਵਰਤਣਾ ਸ਼ੁਰੂ ਹੋ ਗਿਆ। ਮਨਜੀਤ ਦੇ ਪਤੀ ਤੇ ਸਹੁਰੇ ਨੂੰ ਪੁਲਸ ਚੁੱਕ ਕੇ ਲੈ ਗਈ। ਜਿਹੜੇ ਮੁੜ ਕਦੀ ਵਾਪਸ ਨਹੀਂ ਪਰਤੇ। ਮਨਜੀਤ ਦੇ ਬੱਚਾ ਹੋਣ ਵਾਲਾ ਸੀ, ਉਹ ਪੁਲਸ ਵਾਲਿਆਂ ਦੇ ਮਗਰ ਭੱਜੀ ਪਰ ਇੱਕ ਭੂਤਰੇ ਹੋਏ ਸਿਪਾਹੀ ਨੇ ਉਸ ਦੇ ਢਿੱਡ 'ਤੇ ਲੱਤ ਮਾਰੀ। ਮਨਜੀਤ ਦੀ ਇੱਕ ਜ਼ੋਰਦਾਰ ਜੀਕ ਨਿਕਲੀ ਤੇ ਇਹ ਉਸਦੀ ਆਖ਼ਰੀ ਚੀਕ ਸੀ। ਉਹ ਮੁੜ ਨਹੀਂ ਉੱਠੀ। ਸਾਰਾ ਪਰਿਵਾਰ ਪੁਲਸ ਨੇ ਬਿੰਦ ਵਿਚ ਤਬਾਹ ਕਰ ਦਿੱਤਾ। ਮਨਜੀਤ ਤਾਂ ਥਾਏਂ ਮਰ ਗਈ, ਉਸ ਦੇ ਪਤੀ ਤੇ ਸਹੁਰੇ ਨੂੰ ਪੁਲਸ ਨੇ ਕੁਝ ਚਿਰ ਪਿੱਛੋਂ ਪਾਰ ਬੁਲਾ ਦਿੱਤਾ..... ਕੋਈ ਰੋਣ ਵਾਲਾ ਵੀ ਨਹੀਂ ਬਚਿਆ।

ਇਹ ਘਟਨਾਂ ਨਿਹਾਲ ਸਿਹੁੰ ਲਈ ਦਰਦਾਂ ਦੀ ਇੰਤਹਾ ਸੀ। ਕਿਸੇ ਉੱਤੇ ਇਸ ਤੋਂ ਵੱਧ ਦੁਖ ਕੀ ਆ ਸਕਦੇ ਹਨ। ਕਿਸੇ ਸਮੇਂ ਦਾ 'ਸਰਦਾਰ ਨਿਹਾਲ ਸਿੰਘ' ਸਭ ਕੁਝ ਲੁਟਾ ਕੇ ਫਕੀਰਾਂ ਵਾਂਗ ਝੱਲਾ ਹੋਇਆ ਪਿੰਡ ਦੀਆਂ ਗਲੀਆਂ ਵਿਚ ਫਿਰਦਾ ਰਹਿੰਦਾ ਸੀ। ਘਰ ਤਾਂ ਉਹ ਕਦੇ ਕਦਾਈਂ ਹੀ ਵੜਦਾ ਸੀ। ਜਾਂਦਾ ਵੀ ਕਿਵੇਂ... ਖਾਲੀ ਘਰ ਉਸ ਨੂੰ ਖਾਣ ਨੂੰ ਆਉਂਦਾ ਸੀ। ਜਿਆਦੇ ਕਰਕੇ ਉਹ ਖੇਤ ਮੋਟਰ ਵਾਲੇ ਕੋਠੇ ਵਿਚ ਹੀ ਸੌਂਦਾ ਸੀ।

ਹੁਣ ਤਾਂ ਉਹ ਬਸ ਮੰਜੇ 'ਤੇ ਪਿਆ ਹਰਜੀਤ ਦੀ ਖ਼ਬਰਸਾਰ ਉਡੀਕਦਾ ਰਹਿੰਦਾ। ਸ਼ਾਇਦ ਇਸੇ ਆਸ ਦੇ ਸਹਾਰੇ ਉਸ ਦੇ ਸਾਹ ਚੱਲਦੇ ਸਨ। ਪਰ

ਮਹੀਨੇਂ ਬੀਤ ਜਾਣ ਪਿੱਛੋਂ ਵੀ ਹਰਜੀਤ ਦੀ ਕੋਈ ਖਬਰ ਨਹੀਂ ਆਈ। ਬੈਂਕ ਵਾਲੇ ਰੋਜ਼ ਉਸ ਨੂੰ ਕਿਸ਼ਤਾਂ ਨਾ ਭਰਨ ਕਰਕੇ ਜ਼ਮੀਨ ਦੀ ਕੁਰਕੀ ਦੀ ਧਮਕੀ ਦੇ ਜਾਂਦੇ ਸਨ। ਉਹ ਸੋਚਦਾ, ਕਿਹੜੀ ਜ਼ਮੀਨ... ਜਿੱਧਰ ਗਏ ਬਾਣੀਏਂ ਓਧਰ ਗਏ ਬਜ਼ਾਰ... ਜਦ ਜ਼ਮੀਨਾਂ ਵਾਲੇ ਹੀ ਨਹੀਂ ਬਚੇ ਤਾਂ ਜ਼ਮੀਨ.....

ਅੱਜ ਬੈਂਕ ਵਾਲੇ ਪਿੰਡ ਵਿਚ ਨਿਹਾਲ ਸਿਹੁੰ ਦੀ ਜ਼ਮੀਨ ਦੀ ਕੁਰਕੀ ਦੇ ਹੋਕੇ ਦੇ ਰਹੇ ਸਨ। ਉਹਨਾਂ ਨੂੰ ਅਜੇ ਨਿਹਾਲ ਸਿਹੁੰ ਕਿਤੇ ਨਹੀਂ ਦਿਸਿਆ ਸੀ। ਪਿੰਡ ਵਿਚ ਭਾਲ ਕਰਨ ਤੋਂ ਬਾਅਦ ਉਹ ਹੁਣ ਖੇਤ ਨੂੰ ਤੁਰ ਪਏ ਸਨ। ਉਹਨਾਂ ਨੂੰ ਉੱਥੇ ਨਿਹਾਲ ਸਿਹੁੰ ਮਿਲ ਪਿਆ ਸੀ.... ਮੋਟਰ ਵਾਲੇ ਕੋਠੇ ਦੇ ਨਾਲ ਲੱਗੀ ਠੰਢ ਨਾਲ ਸੁੱਕਦੀ ਜਾ ਰਹੀ ਕਿੱਕਰ ਦੇ ਇੱਕ ਮੋਟੇ ਢਾਹਣੇ ਨਾਲ ਲਟਕਦਾ ਹੋਇਆ..... ਉਸ ਨੇ ਆਪਣੇ ਸਿਰ ਵਾਲੇ ਸਾਫੇ ਨਾਲ ਫਾਹਾ ਲੈ ਲਿਆ ਸੀ। ਏਨਾ ਵੇਖ ਕੇ ਕੁਰਕੀ ਕਰਨ ਵਾਲੇ ਤਾਂ ਭੱਜ ਗਏ। ਪਿੰਡ ਵਾਲਿਆਂ ਨੇ ਉਸ ਨੂੰ ਥੱਲੇ ਲਾਹਿਆ। ਉਹ ਇੱਕ ਦੂਜੇ ਵੱਲ ਦੇਖ ਰਹੇ ਸਨ।

ਇੱਕ ਬੋਲਿਆ, "ਓ ਖ਼ਬਰ ਕਰ ਦਿਓ..."

"ਪਰ ਕੀਹਨੂੰ..." ਦੋ ਤਿੰਨ ਆਵਾਜ਼ਾਂ ਇਕੱਠੀਆਂ ਆਈਆਂ।

ਸਚਮੁੱਚ ਖ਼ਬਰ ਕੀਹਨੂੰ ਕਰਦੇ। ਕੀ ਕੋਈ ਬਚਿਆ ਸੀ, ਜਿਸ ਨੇ ਨਿਹਾਲ ਸਿਹੁੰ ਨੂੰ ਰੋਣਾ ਸੀ.....। ਪਿੰਡ ਵਾਲਿਆਂ ਨੇ ਆਪ ਹੀ ਰਲ ਮਿਲ ਕੇ ਉਸ ਦਾ ਅੰਤਮ ਸੰਸਕਾਰ ਕਰ ਦਿੱਤਾ। ਡੇਰੇ ਵਿਚ ਉਸ ਨਮਿੱਤ ਪਾਠ ਰਖਵਾ ਕੇ ਭੋਗ ਵੀ ਪਾ ਦਿੱਤਾ।

ਨਿਹਾਲ ਸਿਹੁੰ ਦੀ ਕੁਝ ਦਿਨ ਬਾਅਦ ਸੱਥ ਵਿਚ ਬਜ਼ੁਰਗ ਅਖ਼ਬਾਰ ਪੜ੍ਹ ਰਹੇ ਸਨ।

"ਇੱਕ ਕਿਸ਼ਤੀ ਵਿਚ ਸਵਾਰ ਵਿਦੇਸ਼ ਜਾ ਰਹੇ ਪੰਜਾਬ ਦੇ ੩੦੦ ਦੇ ਕਰੀਬ ਯਾਤਰੂ ਸਮੁੰਦਰ ਵਿਚ ਡੁੱਬ ਕੇ ਮਰੇ.... ਲਾਸ਼ਾਂ ਦੀ ਭਾਲ ਜਾਰੀ... ੫੦ ਬੰਦਿਆਂ ਦੀ ਸਮਰਥਾ ਵਾਲੀ ਕਿਸ਼ਤੀ ਵਿਚ ੩੦੦ ਤੋਂ ਵਧ ਲੋਕ ਬੈਠੇ ਹੋਏ ਸਨ... ਟਰੈਵਲ ਏਜੰਟਾਂ ਦੀ ਗਲਤੀ ਕਾਰਨ ਵਾਪਰਿਆ ਹਾਦਸਾ....."

ਖ਼ਬਰ ਸੁਣਨ ਤੋਂ ਬਾਅਦ ਇੱਕ ਬਜ਼ੁਰਗ ਬੋਲਿਆ, "ਏਜੰਟਾਂ ਦੀ ਕਾਹਦੀ ਗਲਤੀ.... ਗਲਤੀ ਤਾਂ ਸਰਕਾਰਾਂ ਦੀ ਐ.... ਹਾਕਮਾਂ ਦੀ... ਪੁਲਸ ਦੀ... ਜਿਹਨਾਂ ਦੇ ਕਹਿਰ ਤੇ ਜ਼ੁਲਮ ਤੋਂ ਡਰਦੇ ਮੁੰਡੇ ਬਾਹਰ ਨੂੰ ਭੱਜ ਰਹੇ ਨੇ..." ਬਜ਼ੁਰਗ ਦੀ ਇਹ ਗੱਲ ਪੂਰੀ ਸੱਚ ਸੀ। ਸਚਮੁੱਚ ਜ਼ਾਲਮ ਹਾਕਮਾਂ ਦੇ ਕਹਿਰ ਤੋਂ ਡਰਦੇ ਮੁੰਡੇ ਪੰਜਾਬ ਛੱਡ ਕੇ ਜਾ ਰਹੇ ਸਨ।

ਪਿੰਡ ਵਾਲਿਆਂ ਨੂੰ ਤਾਂ ਪਤਾ ਨਹੀਂ ਸੀ ਪਰ ਹਰਜੀਤ ਵੀ ਇਸੇ ਕਿਸ਼ਤੀ ਵਿਚ ਸਵਾਰ ਸੀ ਤੇ ਉਹ ਵੀ ਡੁੱਬ.......

"ਸੂਦੂ ਸੂਦੂ ਕਰਿ ਮਾਰਿ ਉਠਾਇਓ"

...ਤੇ ਜਦੋਂ ਸੱਚੇ ਪਾਤਸ਼ਾਹ ਨੇ ਆਪਣੇ ਇਹਨਾਂ ਸਾਰੇ ਸਿਖਾਂ ਦੇ ਸਾਹਮਣੇ ਉੱਚੀਆਂ ਜਾਤਾਂ ਦਾ ਮਾਣ ਕਰ ਰਹੇ ਪਹਾੜੀ ਰਾਜਿਆਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ,

"ਇਨ ਗਰੀਬ ਸਿਖਨ ਕਉ ਦੇਊ ਪਾਤਸ਼ਾਹੀ,
ਯਹ ਯਾਦ ਕਰੇਂ ਹਮਰੀ ਗੁਰਿਆਈ"

ਤਾਂ ਇਹਨਾਂ ਸਾਰਿਆਂ ਦਾ ਸਿਰ ਫਕਰ ਨਾਲ ਉੱਚਾ ਹੋ ਗਿਆ। ਏਨੀ ਵਡਿਆਈ ਤਾਂ ਇਹਨਾਂ ਵਿਚਾਰਿਆਂ ਨੂੰ ਅੱਜ ਤੱਕ ਕਿਸੇ ਨੇ ਨਹੀਂ ਦਿੱਤੀ ਸੀ।

ਮਨਜੀਤ ਬੈਠਾ ਸਿਖ ਇਤਿਹਾਸ ਦੇ ਇਹ ਪੰਨੇ ਪੜ੍ਹ ਰਿਹਾ ਸੀ ਤੇ ਇਹ ਪੜ੍ਹਦਿਆਂ ਉਸਦੇ ਅੱਖਾਂ ਵਿਚੋਂ ਕਈ ਵਾਰ ਹੰਝੂ ਛਲਕੇ ਸਨ।

ਤੇ ਫੇਰ ਜਦੋਂ ਸੱਚੇ ਪਾਤਸ਼ਾਹ ਨੇ ਕਿਹਾ,

"ਇਨ ਹੀ ਤੇ ਰਾਜੇ ਉਪਜਾਊਂ
ਰਾਜ ਕਰਨ ਕੀ ਰੀਤ ਸਿਖਾਊਂ।"

ਤਾਂ ਦੁਨੀਆਂ ਭਰ ਦੇ ਰਾਜੇ ਇਹਨਾਂ ਨੂੰ ਆਪਣੇ ਪੈਰਾਂ ਵਿਚ ਡਿੱਗੇ ਹੋਏ ਨਜ਼ਰ ਆਏ।

"ਇਨ ਹੀ ਤੇ ਪੰਡਤ ਉਪਜਾਊਂ
ਕਥਾ ਕਰਨ ਕੀ ਰੀਤ ਚਲਾਊਂ"

ਤਾਂ ਵੱਡੇ-ਵੱਡੇ ਵਿਦਵਾਨ ਅਖਵਾਉਂਦੇ ਸੱਜਣ ਵੀ ਇਹਨਾਂ ਸਾਹਵੇਂ ਬੌਣੇ ਲੱਗੇ।

ਪਹਾੜੀ ਰਾਜਿਆਂ ਦਾ ਹੰਕਾਰ ਟੁੱਟ ਗਿਆ। ਗੁਰੂ ਮਹਾਰਾਜ ਉੱਚੀ ਆਵਾਜ਼ ਵਿਚ ਬੋਲੇ,

"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥"

ਇਹ ਸੁਣ ਕੇ ਉਹਨਾਂ 'ਵੱਡਿਆਂ' ਵਿਚੋਂ ਇੱਕ-ਦੋ ਬੋਲੇ,

"ਮਹਾਰਾਜ... ਸਾਡੀਆਂ ਫੌਜਾਂ... ਬੇਅੰਤ... ਤੁਸੀਂ ਦੁਨੀਆਂ ਦੀ ਕੋਈ ਜੰਗ ਨਹੀਂ ਹਾਰੋਗੇ... ਬਸ ਏਹਨਾਂ ਸ਼ੂਦਰਾਂ ਨੂੰ ਪਾਸੇ....."

ਗੁਰੂ ਮਹਾਰਾਜ ਮੁਸਕੁਰਾਏ ਤੇ ਉਹਨਾਂ ਦੇ ਮੂੰਹੋਂ ਬਚਨ ਨਿਕਲੇ,

"ਜੁਧ ਜਿਤੇ ਇਨਹੀ ਕੇ ਪ੍ਰਸਾਦਿ
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ
ਇਨਹੀ ਕੀ ਕ੍ਰਿਪਾ ਫੁਨਿ ਧਾਮ ਭਰੇ॥
ਇਨਹੀ ਕੇ ਪ੍ਰਸਾਦਿ ਸੁ ਬਿਦਯਾ ਲਈ
ਇਨਹੀ ਕੀ ਕ੍ਰਿਪਾ ਸਭ ਸੱਤ੍ਰੂ ਮਰੇ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ
ਨਹੀਂ ਮੋ ਸੋ ਗਰੀਬ ਕਰੋਰ ਪਰੇ॥"

ਹੁਣ ਇਹਨਾਂ ਸਾਰੇ ਸਿਖਾਂ ਦੀਆਂ ਅੱਖਾਂ ਵਿਚੋਂ ਤਰਿੱਪ-ਤਰਿੱਪ ਹੰਝੂ ਡਿਗ ਰਹੇ ਸਨ। ਕਿਸੇ ਨੂੰ ਸੁੱਝ ਨਹੀਂ ਰਿਹਾ ਸੀ ਕਿ 'ਸੱਚੇ ਪਾਤਸ਼ਾਹ' ਦਾ ਧੰਨਵਾਦ ਕਿਹੜੇ ਸ਼ਬਦਾਂ ਨਾਲ ਕਰਨ। ਇਹ ਨਹੀਂ ਕਿ ਸਿਰਫ ਹੁਣ ਦਸਵੇਂ ਜਾਮੇ ਵਿਚ ਹੀ ਪਾਤਸ਼ਾਹ ਇਹਨਾਂ ਨੂੰ ਏਨਾ ਸਤਿਕਾਰ ਦੇ ਰਹੇ ਸਨ। ਪਿਛਲੇ ਸਾਰੇ ਜਾਮਿਆਂ ਵਿਚ ਮਹਾਰਾਜ ਨੇ ਇਹਨਾਂ ਨੂੰ ਇਹੋ ਸਤਿਕਾਰ ਦਿੱਤਾ ਹੋਇਆ ਸੀ।

ਉਹ ਦਿਨ ਵੀ ਇਹਨਾਂ ਨੂੰ ਯਾਦ ਸਨ ਜਦੋਂ ਮਹਾਰਾਜ ਨੇ ਦਿੱਲੀ ਤਖ਼ਤ ਦੇ ਬਾਦਸ਼ਾਹ ਨੂੰ ਇਹਨਾਂ ਦੇ ਨਾਲ ਪੰਗਤ ਵਿਚ ਬੈਠ ਕੇ ਲੰਗਰ ਛਕਣ ਲਈ ਕਿਹਾ ਸੀ ਤੇ ਓਸ ਰਾਜੇ ਨੇ ਇਹਨਾਂ ਦੇ ਨਾਲ ਹੀ ਭੁੰਜੇ ਬੈਠ ਕੇ ਪਰਸ਼ਾਦਾ ਛਕਿਆ ਸੀ। ਫੇਰ ਗੁਰੂ ਰਾਮਦਾਸ ਜੀ ਦੇ ਰੂਪ ਵਿਚ ਇਹਨਾਂ ਨੂੰ ਆਪਣੇ ਸ਼ਹਿਰ ਵਿਚ ਵਸਾਇਆ ਤੇ ਉਹਨਾਂ ਦੇ ਜੋਤੀ ਜੋਤ ਸਮਾਉਣ ਪਿੱਛੋਂ ਗੁਰੂ ਅਰਜਨ ਦੇ ਰੂਪ ਵਿਚ ਇਹਨਾਂ ਨੂੰ ਛਾਤੀ ਨਾਲ ਲਗਾ ਕੇ ਇਹਨਾਂ ਦਾ ਰਹਿੰਦਾ ਡਰ ਵੀ ਦੂਰ ਕਰ ਦਿੱਤਾ।

ਤੇ ਏਨਾ ਮਾਣ ਮਿਲਣ ਤੋਂ ਬਾਅਦ ਇਹ ਭਲਾਂ ਗੁਰੂ ਕਿਆਂ

ਤੋਂ ਪਿੱਠ ਕਿਵੇਂ ਭੁਆਂ ਸਕਦੇ ਸਨ। ਜਦੋਂ ਨੌਵੇਂ ਜਾਮੇ ਵਿਚ, ਰੁੜਦੀ ਜਾਂਦੀ ਹਿੰਦ ਦੀ ਇੱਜਤ ਬਚਾਉਣ ਲਈ ਗੁਰੂ ਤੇਗ ਬਹਾਦੁਰ ਪਾਤਸ਼ਾਹ 'ਧਰਮ ਦੀ ਚਾਦਰ' ਬਣ ਕੇ ਬਹੁੜੇ ਤੇ ਇਸ ਬਦਲੇ ਹਕੂਮਤ ਨੇ ਉਹਨਾਂ ਦਾ ਸੀਸ ਕੱਟ ਦਿੱਤਾ, ਤਾਂ ਕੋਈ ਗੁਰੂ ਦਾ ਉਹ ਸੀਸ ਚੁੱਕਣ ਲਈ ਨਾ ਬਹੁੜਿਆ... ਕਿਉਂਕਿ ਸਭ ਨੇ ਇਹ ਹੋਕਾ ਸੁਣ ਲਿਆ ਸੀ,

"... ਸੁਣੋ ਸੁਣੋ ਸੁਣੋ... ਹਕੂਮਤ ਦੇ ਇਸ ਬਾਗੀ ਤੇਗ ਬਹਾਦਰ ਦਾ ਸਿਰ ਤੇ ਧੜ੍ਹ ਇਸੇ ਤਰ੍ਹਾਂ ਦਿੱਲੀ ਦੀਆਂ ਗਲੀਆਂ ਵਿਚ ਰੁਲੇਗਾ... ਜੇ ਕਿਸੇ ਨੇ ਇਸ ਦੇ ਸਰੀਰ ਨਾਲ ਹਮਦਰਦੀ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂ ਇਸ ਦੇ ਸਿਰ ਜਾਂ ਸਰੀਰ ਨੂੰ ਏਥੋਂ ਚੁੱਕ ਕੇ ਸੰਭਾਲਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਘਾਣ ਬੱਚਾ ਪੀੜ ਦਿੱਤਾ ਜਾਵੇਗਾ.... ਸੁਣੋ ਸੁਣੋ ਸੁਣੋ..."

ਇਹ ਸੁਣ ਕੇ, ਜਿਹਨਾਂ ਖਾਤਰ ਪਾਤਸ਼ਾਹ ਨੇ ਇਹ ਕੁਰਬਾਨੀ ਦਿੱਤੀ ਸੀ, ਉਹ ਵੀ ਆਪੋ-ਆਪਣੇ ਘਰੀਂ ਚਲੇ ਗਏ। ਉਹਨਾਂ ਉੱਚੀ ਜਾਤ ਦੇ ਸਦਵਾਉਂਦਿਆਂ ਵਿਚੋਂ ਕੋਈ ਨਹੀਂ ਬਹੁੜਿਆ.... ਫੇਰ ਆਇਆ ਭਾਈ ਜੈਤਾ... ਸੀਸ ਨੂੰ ਸੀਨੇ ਨਾਲ ਲਗਾ ਕੇ ਲੈ ਗਿਆ ਤੇ ਪਾਤਸ਼ਾਹ ਨੇ ਛਾਤੀ ਨਾਲ ਲਾ ਕੇ ਕਿਹਾ,

"ਰੰਘਰੇਟਾ ਗੁਰੂ ਕਾ ਬੇਟਾ"

ਗੁਰੂ ਮਹਾਰਾਜ ਨੇ ਸਭ ਤਰ੍ਹਾਂ ਦੀ ਜਾਤ-ਗੋਤ, ਊਚ-ਨੀਚ ਖਤਮ ਕਰ ਦਿੱਤੀ ਤੇ ਆਪਣੇ ਇਹਨਾਂ ਸਿਖਾਂ ਨੂੰ ਸਭ ਦੇ ਬਰਾਬਰ ਲੈ ਆਂਦਾ। ਪਹਾੜੀ ਰਾਜਿਆਂ ਦੇ ਚਲੇ ਜਾਣ ਪਿਛੋਂ ਵੀ ਇਹ ਸਾਰੇ ਅਜੇ ਹੰਝੂ ਵਹਾ ਰਹੇ ਸਨ। ਇਹਨਾਂ ਵਿਚ ਇਕ ਹੱਥ ਜੋੜ ਕੇ ਬੋਲਿਆ,

"ਸੱਚੇ ਪਾਤਸ਼ਾਹ... ਕੀ ਸਾਡੇ ਹੁਣ ਉਹ ਦਿਨ ਲੱਦ ਗਏ ਹਨ...? ਕੀ ਸਾਨੂੰ ਮੁੜ ਕਦੇ ਉਹ ਨਰਕੋਂ ਭੈੜੀ ਜਿੰਦਗੀ ਤਾਂ ਨਹੀਂ ਜੀਣੀ ਪਵੇਗੀ...? ਕੀ ਸਾਨੂੰ ਵੀ ਹੁਣ ਅਕਾਲ ਪੁਰਖ, ਪ੍ਰਮਾਤਮਾਂ ਦੀ ਭਗਤੀ ਕਰਨ-ਸੁਣਨ ਦਾ ਅਧਿਕਾਰ ਹੋਵੇਗਾ...? ਕੀ ਹੁਣ ਤਾਂ ਕੋਈ ਸਾਡੀ, ਰੱਬ ਦਾ ਨਾਮ ਲੈਣ ਕਰਕੇ ਜੀਭ ਨਹੀਂ ਵੱਢੇਗਾ ਜਾਂ ਰੱਬ ਦੀ ਕੋਈ ਗੱਲ ਸੁਣ ਲੈਣ ਕਰਕੇ ਹੁਣ ਤਾਂ ਸਾਡੇ ਕੰਨਾਂ ਵਿਚ ਸਿੱਕਾ ਢਾਲ ਕੇ

ਨਹੀਂ ਪਾਇਆ ਜਾਵੇਗਾ...? ਕੀ ਸਾਨੂੰ ਹੁਣ ਹਰੇਕ ਧਰਮਸਾਲ ਵਿਚ ਜਾਣ ਦੀ ਖੁੱਲ ਹੋਵੇਗੀ.......?"

"ਬਿਨਾ ਸ਼ੱਕ..." ਮਹਾਰਾਜ ਬੋਲੇ,

"ਜਿਹੜਾ ਮੇਰਾ ਸਿਖ ਹੋਏਗਾ ਉਹ ਜਾਤ-ਪਾਤ ਨਹੀਂ ਮੰਨੇਗਾ ਤੇ ਕਿਸੇ ਨੂੰ ਵੀ ਧਰਮਸਾਲ ਵਿਚ ਆਉਣ 'ਤੇ ਸਿਰਫ ਇਸੇ ਲਈ ਨਹੀਂ ਰੋਕੇਗਾ ਕਿ ਉਸ ਦੀ ਜਾਤ ਛੋਟੀ ਹੈ.... ਤੇ ਜਿੱਦਣ ਇਹ ਗੱਲ ਹੋ ਗਈ.... ਜਿੱਦਣ ਜਾਤ ਅਧਾਰਿਤ ਧਰਮਸ਼ਾਲਾਵਾਂ ਬਣ ਗਈਆਂ.... ਓਦਣ ਉਹਨਾਂ ਦਾ ਪਤਨ ਸ਼ੁਰੂ ਹੋ ਜਾਵੇਗਾ...."

ਮਨਜੀਤ ਇਹ ਸਭ ਪੜ੍ਹ ਕੇ ਸੋਚ ਰਿਹਾ ਸੀ ਕਿ ਕੀ ਸਚਮੁਚ ਅੱਜ ਸਿਖ ਬਿਲਕੁਲ ਜਾਤ-ਪਾਤ ਨਹੀਂ ਮੰਨਦੇ....। ਉਸ ਨੂੰ ਆਪਣੇ ਪਿੰਡ ਵਿਚ ਜਾਤਾਂ 'ਤੇ ਅਧਾਰਿਤ ਬਣੇ ਗੁਰਦੁਆਰੇ ਦਿਸਣ ਲੱਗੇ।

ਇਹ ਰਵੀਦਾਸੀਆਂ ਦਾ.... ਇਹ ਛੀਂਬਿਆਂ ਦਾ ਨਾਮਦੇਵ ਗੁਰਦੁਆਰਾ.... ਇਹ ਜੱਟਾਂ ਦਾ.... ਇਹ ਬਾਬੇ ਜੈਤੇ ਦੀ ਮਜਹਬੀਆਂ ਦੀ ਧਰਮਸ਼ਾਲਾ....

ਮਨਜੀਤ ਸੋਚ ਰਿਹਾ ਸੀ ਕਿ ਕੀ ਗੁਰੂ ਸਾਹਿਬ ਦੇ ਕਹਿਣ ਅਨੁਸਾਰ ਇਹ ਸਿਖਾਂ ਦਾ ਪਤਨ ਸ਼ੁਰੂ ਨਹੀਂ ਹੋ ਗਿਆ ਸੀ। ਕੀ ਮਾੜੀਆਂ ਆਖੀਆਂ ਜਾਦੀਆਂ ਜਾਤਾਂ ਦੇ ਲੋਕਾਂ ਨਾਲ ਕੁਝ ਡੇਰਿਆਂ, ਗੁਰਦੁਆਰਿਆਂ ਵਿਚ ਮਾੜਾ ਵਿਵਹਾਰ ਨਹੀਂ ਹੋਣ ਲੱਗਾ ਸੀ। ਮਨਜੀਤ ਨੂੰ ਆਪਣੇ ਨਾਲ ਬੀਤੀ ਇੱਕ ਘਟਨਾ ਚੇਤੇ ਆ ਰਹੀ ਸੀ।

....

"ਮੈਨੂੰ ਤਾਂ ਭਾਅ ਜੀ ਸਾਰੇ ਟੂਰ 'ਚ ਈ ਸ਼ੱਕ ਰਿਹੈ ਏਹਦੇ 'ਤੇ..."

"ਹੁਣ ਤਾਂ ਬਈ ਮੈਨੂੰ ਵੀ ਲੱਗਣ ਲੱਗੀ ਕਿ ਏਸ ਮੁੰਡੇ 'ਚ ਕੋਈ ਕਾਣ ਜ਼ਰੂਰ ਐ..."

"ਕਾਣ... ਭਾਅ ਜੀ ਮੈਂ ਤਾਂ ਸ਼ਰਤ ਲਾਉਣ ਨੂੰ ਤਿਆਰ ਆਂ ਬੀ ਜਿਹੜਾਂ ਆਪਣਾ ਸਮਾਨ ਚੋਰੀ ਹੋਇਆ ਸੀ ਨਾ, ਜਦੋਂ ਬਿਹਾਰ 'ਚ ਆਪਣੀ ਗੱਡੀ 'ਤੇ ਭਈਆਂ ਨੇ ਹਮਲਾ ਕੀਤਾ ਸੀ, ਉਹ ਇਸੇ

ਨੇ ਚੁੱਕਿਐ... ਆਪਾਂ ਐਵੇਂ ਭਈਆਂ 'ਤੇ ਸ਼ੱਕ ਕਰਦੇ ਰਹੇ..."

"ਕੋਈ ਨੀ... ਜੇ ਏਹਨੇ ਚੱਕਿਆ ਹੋਇਆ ਤਾਂ ਆਪਾਂ ਕਢਾਲਾਂਗੇ... ਚੱਲ ਆਪਾਂ ਹੋਰ ਬੰਦਿਆਂ ਨਾਲ ਗੱਲ ਕਰਦੇ ਆਂ...."

ਅਸਲ ਵਿਚ ਧਾਰਮਿਕ ਸਥਾਨਾਂ ਦੀ ਯਾਤਰਾ ਕਰਕੇ ਇਹ ਜੱਥਾ ਵਾਪਸ ਆ ਰਿਹਾ ਸੀ। ਰਸਤੇ ਵਿਚ ਇਕ-ਦੋ ਯਾਤਰੀਆਂ ਦਾ ਕੁਝ ਸਮਾਨ ਏਧਰ-ਓਧਰ ਹੋ ਗਿਆ। ਉਹ ਹੁਣ ਬਸ ਵਿਚ ਕਿਸੇ ਨਾ ਕਿਸੇ 'ਤੇ ਸ਼ੱਕ ਕਰ ਰਹੇ ਸਨ। ਪਰ ਐਤਕੀਂ ਉਹਨਾਂ ਦਾ ਸ਼ੱਕ ਯਕੀਨ ਵਿਚ ਬਦਲ ਰਿਹਾ ਸੀ। ਕਿਸੇ ਬਾਬੇ ਦੇ ਡੇਰੇ 'ਤੇ ਆ ਕੇ ਬਸ ਰੁਕੀ ਤਾਂ ਸਾਰੇ ਯਾਤਰੀ ਉਤਰ ਗਏ ਪਰ ਮਨਜੀਤ ਨਾਮ ਦਾ ਇਹ ਮੁੰਡਾ ਬੱਸ ਵਿਚੋਂ ਨਹੀਂ ਉਤਰਿਆ ਸੀ।

ਕਿਸੇ ਨੇ ਕਿਹਾ, "ਓ ਮਨਜੀਤ, ਤੂੰ ਨੀ ਜਾਣਾ..."

"ਨਹੀਂ ਵੀਰ ਜੀ, ਤੁਸੀਂ ਜਾ ਆਓ... ਮੇਰਾ ਕੁਝ ਚਿੱਤ ਠੀਕ ਨਹੀਂ"

"ਓ ਆਜਾ... ਮਹਾਂਪੁਰਸ਼ਾਂ ਦੇ ਦਰਸ਼ਨ ਕਰ ਲਈਂ..."

"ਨਹੀਂ ਵੀਰ ਜੀ... ਅਸਲ ਵਿਚ ਮੈਂ ਡੇਰਿਆਂ-ਡੂਰਿਆਂ ਵਿਚ ਘੱਟ ਜਾਨਾ"

ਹੁਣ ਜਿੰਨਾ ਦਾ ਸਮਾਨ ਚੋਰੀ ਹੋਇਆ ਸੀ, ਉਹ ਮਨਜੀਤ 'ਤੇ ਸ਼ੱਕ ਕਰਨ ਲੱਗੇ। ਤੇ ਇਹ ਉਹੀ ਦੋਵੇਂ ਸਨ ਜਿਹੜੇ ਹੁਣੇ ਗੱਲਾਂ ਕਰਦੇ ਗਏ ਸਨ। ਅੰਦਰ ਜਾ ਕੇ ਉਹਨਾਂ ਨੇ ਕੁਝ ਹੋਰ ਸਿਆਣੇ ਬੰਦਿਆਂ ਨਾਲ ਗੱਲ ਕੀਤੀ। ਪਹਿਲਾਂ ਤਾਂ ਕਿਸੇ ਨੇ ਯਕੀਨ ਨਾ ਕੀਤਾ ਪਰ ਫੇਰ ਸ਼ੱਕ ਕਰਨ ਵੱਲੇ ਦੋਹਾਂ ਬੰਦਿਆਂ ਦੇ ਦਬਾਅ ਪਾਉਣ ਕਾਰਨ ਉਹ ਮਨਜੀਤ ਨਾਲ ਗੱਲ ਕਰਨ ਲਈ ਰਾਜ਼ੀ ਹੋ ਗਏ।

ਬਾਕੀ ਸੰਗਤ ਡੇਰੇ ਦੇ ਬਾਗ ਵਿਚ ਟਹਿਲ ਰਹੀ ਸੀ ਤੇ ਕੁਝ ਮੋਹਤਬਰ ਬੰਦੇ ਮਨਜੀਤ ਨਾਲ ਗੱਲ ਕਰਨ ਲਈ ਬੱਸ ਵਿਚ ਆ ਗਏ। ਉਹਨਾਂ ਦੇ ਆਉਣ ਵੇਲੇ ਮਨਜੀਤ ਸੁੱਤਾ ਪਿਆ ਸੀ। ਇਹਨਾਂ ਵਿਚੋਂ ਇਕ ਨੇ ਉਸ ਨੂੰ ਉਠਾਇਆ।

"ਹਾਂ ਜੀ ਵੀਰ ਜੀ... ਆ ਗਏ" ਉੱਠ ਕੇ ਬਹਿੰਦਾ ਹੋਇਆ

ਮਨਜੀਤ ਬੋਲਿਆ।

"ਨਹੀਂ ਮਨਜੀਤ ਸਾਰੀ ਸੰਗਤ ਤਾਂ ਅਜੇ ਨਹੀਂ ਆਈ... ਅਸਲ ਵਿਚ ਅਸੀਂ ਤੇਰੇ ਨਾਲ ਕੁਝ ਗੱਲ ਕਰਨ ਆਏ ਹਾਂ..."

"ਹਾਂ ਜੀ... ਦੱਸੋ..."

''ਮਨਜੀਤ, ਭਾਈ ਅਵਤਾਰ ਸਿੰਘ ਹੋਰਾਂ ਨੂੰ ਸ਼ੱਕ ਐ ਕਿ...." ਪੁੱਛਣ ਵਾਲਾ ਬੋਲਦਾ-ਬੋਲਦਾ ਰੁਕ ਗਿਆ।

"ਕੀ ਵੀਰ ਜੀ? ਕੀ ਸ਼ੱਕ ਐ? ਸਾਫ-ਸਾਫ ਦੱਸੋ"

"ਬੀ ਜਿਹੜਾ ਇਹਨਾਂ ਦਾ ਸਮਾਨ ਚੋਰੀ ਹੋਇਆ ਸੀ.... ਉਹ.... ਤੂੰ..."

"ਹਾ ਹਾ ਹਾ... ਅਸਲ ਵਿਚ ਵੀਰ ਜੀ ਮੈਨੂੰ ਭੁੱਖ ਲੱਗੀ ਐ.... ਤੇ ਗਰੀਬ ਬੰਦਾ ਜਦੋਂ ਭੁੱਖਾ ਹੋਵੇ ਤਾਂ ਚੋਰ ਈ ਲੱਗਦਾ ਹੁੰਦੈ..."

"ਗੱਲ ਮਜ਼ਾਕ ਦੀ ਨਈ ਮਨਜੀਤ ਸਿੰਘ ਜੀ... ਸਾਨੂੰ ਪੱਕਾ ਪਤੈ ਬੀ ਸਾਡਾ ਸਮਾਨ ਤੁਸੀਂ ਚੁੱਕਿਐ... ਤੁਹਾਡੀਆਂ ਕੁਝ ਗੱਲਾਂ ਕਰਕੇ ਸਾਡਾ ਸ਼ੱਕ ਯਕੀਨ 'ਚ ਬਦਲਿਐ..." ਜਿਹਨਾਂ ਦਾ ਸਮਾਨ ਚੋਰੀ ਹੋਇਆ ਸੀ ਉਹਨਾਂ ਵਿਚੋਂ ਇਕ ਬੋਲਿਆ।

"ਮੇਰੀਆਂ ਕਿਹੜੀਆਂ ਗੱਲਾਂ 'ਤੇ ਸ਼ੱਕ ਹੋ ਗਿਆ ਵੀਰ ਜੀ ਥੋਨੂੰ....? ਕੀ ਤੁਸੀਂ ਮੈਨੂੰ ਸਮਾਨ ਚੁੱਕਦੇ ਨੂੰ ਵੇਖਿਐ..."

"ਨਹੀਂ ਵੇਖਿਆ ਤਾਂ ਨਹੀਂ... ਪਰ ਸਾਨੂੰ ਪੂਰਾ ਯਕੀਨ ਐ ਬੀ ਚੋਰੀ ਤੁਸੀਂ ਕੀਤੀ ਐ..."

"ਇਹ ਤਾਂ ਵੀਰ ਜੀ ਧੱਕੇ ਜ੍ਹੋ ਆਲੀ ਗੱਲ ਐ..."

"ਜੇ ਇਹ ਗੱਲ ਝੂਠ ਐ ਤਾਂ ਫੇਰ ਇਹ ਦੱਸੋ ਬੀ ਜਦੋਂ ਸਾਰੀ ਸੰਗਤ ਬੱਸ ਵਿਚੋਂ ਉਤਰ ਜਾਂਦੀ ਐ ਤਾਂ ਤੁਸੀਂ ਬੱਸ ਵਿਚ ਈ ਕਿਉਂ ਬੈਠੇ ਰਹਿੰਦੇ ਓ... ਭੁੱਚੋ ਆਲੇ ਮਹਾਂਪੁਰਸ਼ਾਂ ਦੇ ਡੇਰੇ 'ਚ ਵੀ ਤੁਸੀਂ ਸੰਗਤ ਨਾਲ ਨਹੀਂ ਗਏ ਤੇ ਹੁਣ ਏਥੇ ਲੋਪੋ ਵੀ...."

"ਉਹ ਤਾਂ ਮੈਂ.... ਏਹਦਾ ਮੇਰੇ ਕੋਲ ਕੋਈ ਜਵਾਬ ਨਈ..."

"ਕੀ ਗੱਲ ਕਾਕਾ... ਜਵਾਬ ਕਿਉਂ ਨਹੀਂ.... ਸਰਦਾਰ ਹੋਰਾ ਦੀ ਗੱਲ ਦਾ ਉੱਤਰ ਦੇ..." ਇਕ ਬਜ਼ੁਰਗ ਬੋਲਿਆ।

"ਬਸ ਜੀ ਮੈਂ ਏਨਾ ਈ ਕਹਿਣਾ ਚਾਹੁਣਾ ਕਿ ਚੋਰੀ ਮੈਂ ਨਹੀਂ ਕੀਤੀ..."

"ਇੰਜ ਤਾਂ ਕਾਕਾ ਸਾਨੂੰ ਵੀ ਸ਼ੱਕ ਜਿਹਾ ਹੋ ਰਿਹੈ... ਤੂੰ ਕੋਈ ਜਵਾਬ ਤਾਂ ਦੇ..."

ਪਰ ਮਨਜੀਤ ਕੁਝ ਨਹੀਂ ਬੋਲਦਾ। ਦੋ-ਤਿੰਨ ਵਾਰ ਕਹਿਣ 'ਤੇ ਵੀ ਜਦ ਉਹ ਕੁਝ ਨਾ ਬੋਲਿਆ ਤਾਂ ਸ਼ਿਕਾਇਤ ਕਰਨ ਵਾਲਿਆਂ ਵਿਚੋਂ ਇਕ ਨੇ ਮਨਜੀਤ ਦੇ ਮੂੰਹ 'ਤੇ ਚਪੇੜ ਧਰ ਦਿੱਤੀ।

"ਬੋਲੂਗਾ ਹੁਣ ਕੀ ਇਹ ਭੈਣਚੋ.. ਚੋਰ ਦੇ ਪੈਰ ਨਹੀਂ ਹੁੰਦੇ... ਤੇ ਏਹਦੇ ਵੀ ਪੈਰ ਉੱਖੜ ਗਏ ਐ..."

ਦੂਜਾ ਬੰਦਾ ਵੀ ਮਨਜੀਤ ਦੇ ਦੋ-ਤਿੰਨ ਜੜ੍ਹ ਦਿੰਦਾ ਹੈ ਪਰ ਉਹ ਫੇਰ ਵੀ ਕੁਝ ਨਹੀਂ ਬੋਲਦਾ, ਬਸ ਉਸ ਦੀਆਂ ਅੱਖਾਂ ਵਿਚੋਂ ਹੰਝੂ ਡਿੱਗਣ ਲੱਗਦੇ ਹਨ। ਥੋੜੀ ਦੇਰ ਲਈ ਉੱਥੇ ਚੁੱਪ ਛਾ ਜਾਂਦੀ ਹੈ ਤੇ ਉਸ ਚੁੱਪ ਨੂੰ ਮਨਜੀਤ ਹੀ ਤੋੜਦਾ ਹੈ।

"ਮੇਰਾ ਕਸੂਰ..." ਹਉਂਕੇ ਭਰਦਾ ਹੋਇਆ ਉਹ ਬੋਲਦਾ ਹੈ, "ਮੇਰਾ ਕਸੂਰ ਸਿਰਫ ਏਨਾ ਐਂ ਕਿ ਮੈਂ ਚਮਿਆਰਾਂ ਦੇ ਘਰੇ ਜੰਮਿਆਂ.... ਤੇ ਆਹ ਥੋਡੇ ਲੱਪੋ ਆਲੇ ਤੇ ਭੁੱਚੋ ਆਲੇ 'ਮਹਾਂਪੁਰਸ਼' ਸਾਨੂੰ ਚੂੜ੍ਹੇ-ਚਮਿਆਰਾਂ ਨੂੰ ਆਪਣੇ ਡੇਰਿਆਂ ਵਿਚ ਵੜ੍ਹਨ ਨਹੀਂ ਦਿੰਦੇ... ਇਕ ਵਾਰ ਮੈਂ ਪਹਿਲਾਂ ਏਥੇ ਆ ਕੇ ਆਪਣੀ ਬੇਜ਼ਤੀ ਕਰਵਾ ਚੁੱਕਿਆਂ ਤੇ ਅੱਜ ਦੂਜੀ ਵਾਰ ਮੇਰੀ ਹਿੰਮਤ ਨਹੀਂ ਪਈ...."

ਮਨਜੀਤ ਅਜੇ ਬੋਲ ਰਿਹਾ ਸੀ ਕਿ ਡੇਰੇ ਦੇ ਲੰਗਰ ਵਿਚੋਂ ਆਵਾਜ਼ ਆਈ, "ਬਈ ਜੇ ਕੋਈ ਚੂੜ੍ਹਾ-ਚੱਪੜਾ ਜਾਂ ਕੋਈ ਹੋਰ ਚੌਥੇ ਪੌੜੇ ਆਲਾ ਲੰਗਰ 'ਚ ਬੈਠੈ ਤਾਂ ਹੁਣੇ ਉੱਠ ਕੇ ਤੁਰ ਜਾਏ.... ਜੇ ਪਿੱਛੋਂ ਸਾਨੂੰ ਪਤਾ ਲੱਗ ਗਿਆ ਤਾਂ ਅਸੀਂ ਮਾਂਜਾ ਲਾਵਾਂਗੇ... ਫੇਰ ਕਹੋਂਗੇ ਦੱਸਿਆ ਨਈਂ..."

"ਕੀ ਤੁਸੀਂ ਹੋਰ ਵੀ ਕੁਝ ਪੁੱਛਣੈਂ ਮੇਰੇ ਤੋਂ..." ਮਨਜੀਤ ਦੀ ਇਹ ਗੱਲ ਸੁਣ ਕੇ ਸਾਰੇ ਨਿੰਮੋਝੂਣੇ ਜਹੇ ਹੋ ਕੇ ਬਸ ਵਿਚੋਂ ਉਤਰ ਗਏ।

ਲੰਗਰ ਵਾਲਾ 'ਪਹਿਰੇਦਾਰ' ਅਜੇ ਵੀ ਉਵੇਂ ਬੋਲ ਰਿਹਾ ਸੀ, "ਹਾਂ ਬੀ ਮੁੰਡਿਆਂ ਕੀ ਜਾਤ ਐ ਤੇਰੀ..." ਉਹ ਇਕ ਪੱਕੇ ਜਹੇ ਰੰਗ ਦੇ ਮੁੰਡੇ ਨੂੰ ਪੁੱਛ ਰਿਹਾ ਸੀ ਤੇ ਕੁਝ ਦੇਰ ਪਿੱਛੋਂ ਲੰਗਰ ਵਿਚੋਂ ਘੜੀਸ ਕੇ ਲਿਆਂਦੇ ਉਸ ਪੱਕੇ ਰੰਗ ਦੇ ਮੁੰਡੇ ਨੂੰ ਡੇਰੇ ਵਿਚੋਂ ਠੁੱਡੇ ਮਾਰ ਕੇ ਬਾਹਰ ਕਰ ਦਿੱਤਾ ਗਿਆ। ਇਹ ਸਾਰੇ ਮੁੜ ਕੇ ਮਨਜੀਤ ਵੱਲ ਵੇਖਣ ਲੱਗੇ।

ਡੇਰੇ ਦੇ ਬਾਹਰ ਕੈਸਟਾਂ ਵਾਲੀ ਦੁਕਾਨ 'ਤੇ ਸ਼ਬਦ ਚੱਲ ਰਿਹਾ ਸੀ,

"ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥
ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥"